# ਰੁੱਖ ਤੇ ਜੰਗਲ



ਚਰਨ ਸਿੰਘ

# ਰੁੱਖ ਤੇ ਜੰਗਲ

(ਕਾਵਿ ਸੰਗ੍ਰਹਿ)

ਚਰਨ ਸਿੰਘ

ਕੁਕਨੁਸ ਪ੍ਰਕਾਸ਼ਨ
ਜਲੰਧਰ

**Rukh Te Jungle** (A Collection of Poem)
**By**
**Charan Singh**
House No. N-H-16, Mohala Neela Mehal
Jalandhar City, Punjab (India)
Phone : 2214785

© : ਚਰਨ ਸਿੰਘ

ਪਹਿਲੀ ਵਾਰ : 2008
ਸਰਵਰਕ : ਸ਼ਾਇਨਾ
ਪ੍ਰਕਾਸ਼ਕ : ਰਾਜਿੰਦਰ ਬਿਮਲ
ਕੁਕਨੁਸ ਪ੍ਰਕਾਸ਼ਨ, ਐੱਨ.ਐੱਮ. 451, ਮੁਹੱਲਾ ਕਰਾਰ ਖਾਂ
ਨੇੜੇ ਚੌਕ ਬੋਹੜਵਾਲਾ, ਜਲੰਧਰ।
ਫੋਨ : 2214028 (ਘਰ), (M) 9463540352
ਪੁਸਤਕ ਵਿਕਰੀ ਸਥਾਨ : ਐਮ. 13 ਸਾਹਮਣੇ ਚੰਡੀਗੜ੍ਹ ਕਾਊਂਟਰ, ਬੱਸ ਸਟੈਂਡ, ਜਲੰਧਰ
ਛਾਪਕ : ਬਿਮਲ ਪ੍ਰਿੰਟਿੰਗ ਏਜੰਸੀ, ਜਲੰਧਰ
ਟਾਈਪ ਸੈਟਿੰਗ : ਗੁਰਧਿਆਨ ਸਿੰਘ ਮੋਬਾ : 9464230529
ਮੁੱਲ : 125/- ਰੁਪਏ

ਸੁੱਖਮਨੀ ਵਿਰਦੀ
ਦੇ ਨਾਮ

**ਇਸੇ ਕਲਮ ਤੋਂ**

- ਤੀਸਰੀ ਅੱਖ (ਕਾਵਿ ਸੰਗ੍ਰਹਿ) 1982
- ਮਿੱਟੀ 'ਚ ਉੱਕਰੇ ਅੱਖਰ (ਕਾਵਿ ਸੰਗ੍ਰਹਿ) 1984
- ਸ਼ੂਨਯ-ਬੋਧ (ਕਾਵਿ ਸੰਗ੍ਰਹਿ) 1987
- ਆਪੇ ਬੋਲ ਸਰੋਤ (ਲੰਬੀ ਕਵਿਤਾ) 1998
- ਗਗਨ ਮੈਂ ਥਾਲੁ (ਕਾਵਿ ਸੰਗ੍ਰਹਿ) 2008
- ਸ਼ੀਸ਼ੇ ਵਿੱਚਲਾ ਸੂਰਜ (ਕਾਵਿ ਸੰਗ੍ਰਹਿ) 2008

## ਤਤਕਰਾ


- ਚਰਖੀ ਦੀ ਘੂਕਰ 5
- ਦੌੜਦੇ ਕਦਮ 8
- ਮੁਰਦਾ 9
- ਚਰਚਾ 11
- ਮੈਂ ਤੋਂ ਤੂੰ ਤਕ 13
- ਨਜ਼ਰ 16
- ਰੁੱਖ ਤੇ ਜੰਗਲ 18
- ਕੌੜਾ ਸੱਚ 22
- ਅਥਰੂ 24
- ਸਵੈ ਮੁਖਾਤਿਬ 28
- ਯੁੱਧ 30
- ਸੁਰਖੀਆਂ 33
- ਜ਼ਿੰਦਗੀ ਦੇ ਚਿਹਰੇ 35
- ਸੋਚ ਕੈਨਵਸ ਤੇ ਰੰਗ 39
- ਸ਼ਬਦ 40
- ਮੈਂ ਤੇ ਮੇਰੀ ਮਿੱਟੀ 44
- ਖੰਭਾਂ ਦਾ ਸਫ਼ਰ 45
- ਰਾਤ ਦੇ ਮੱਥੇ ਦਾ ਦੀਵਾ 48
- ਜ਼ਿੰਦਗੀ ਤੇ ਮੌਤ 49
- ਬੀਤੇ ਦੀ ਮਿੱਟੀ 54
- ਬੰਦ ਤਾਲਾ 55
- ਨਜ਼ਰ ਦਾ ਰੰਗ 59
- ਸ਼ੀਸ਼ਾ 61
- ਤਰਲ ਅੰਗਾਂ ਸੰਸਾਰ 65
- ਮਿੱਟੀ ਦਾ ਮੋਹ 67
- ਬੰਦ ਦਰਵਾਜ਼ੇ 70
- ਯਾਦਾਂ 72
- ਲਹੂ ਦੇ ਪਰਦੇ 76
- ਪਿਆਰ 78
- ਚਿਹਰੇ ਤੇ ਉੱਗਿਆ.. 82
- ਜ਼ਿੰਦਗੀ 84
- ਦੇਹ 'ਚ ਝਾਕਦਾ... 88
- ਮੈਂ ਪਿੰਡ 90
- ਸਿਫਰ 'ਚ ਘਿਰਿਆ... 94
- ਮੈਂ ਤੇ ਮੇਰੀ ਸਿਰਜਣਾ 96
- ਸ਼ਬਦ ਦਾ ਸੰਕਲਪ 100
- ਜ਼ਿੰਦਗੀ ਤੇ ਮੈਂ 102
- ਕਦਮ ਦਰ ਕਦਮ 106
- ਮਨੁੱਖ ਤੇ ਜ਼ਿੰਦਗੀ 107
- ਜਲ ਵਿੱਚ ਜਲ.... 110
- ਦੀਵਾ 112
- ਇੱਕ ਉਂਗਲ ਦੀ... 116
- ਸਫ਼ਰ 118

# ਚਰਖੀ ਦੀ ਘੂਕਰ

ਚਰਖੀ ਦੀ ਘੂਕਰ 'ਚੋਂ
ਇਕ ਲੋਕ ਰੰਗ ਦੀ ਅਵਾਜ਼
ਰੋਜ਼ ਉਠਦੀ ਹੈ
ਸ਼ਬਦਾਂ ਤੇ ਅਰਥਾਂ 'ਚ ਗੁਆਚ ਜਾਂਦੀ ਹੈ
- 0 -
ਸੂਤ ਕਤਦੀ ਕੁੜੀ ਦੇ ਸੀਨੇ 'ਚੋਂ
ਰੋਜ਼ ਨਵੇਂ ਦਿਸਹੱਦੇ ਜਨਮਦੇ ਹਨ
ਰੋਜ਼ ਨਵੇਂ ਸੂਰਜ ਉਦੇ ਹੁੰਦੇ ਹਨ
ਰੋਜ਼ ਆਪਣੇ ਅਕਾਸ਼ 'ਤੇ
ਨਵਾਂ ਤਾਰਕਾ ਮੰਡਲ ਸਿਰਜਦੀ ਹੈ
ਆਪਣੀ ਵਫ਼ਾ, ਪਿਆਰ ਤੇ ਉਮਰ
ਹੌਕਿਆਂ ਹਿਚਕੀਆਂ ਹੰਝੂਆਂ ਨਾਲ ਮਿਣਦੀ ਹੈ
-0-
ਧਰਤੀ 'ਤੇ ਪੈਰ ਧਰਦਿਆਂ ਹੀ
ਨਕਸ਼ੇ 'ਚ ਗੁਆਚੇ ਮਾਹੀ ਦੀ ਯਾਦ ਆਉਂਦੀ ਹੈ
ਨੈਣਾਂ 'ਚੋਂ ਹੰਝੂਆਂ ਦੀ ਬਰਸਾਤ ਲਗਦੀ ਹੈ
ਮਾਹੀ ਦੀ ਭਾਲ 'ਚ ਦਿਸਹੱਦੇ ਅਲੋਪ
ਤੇ ਸੂਰਜ ਅਸਤ ਹੋ ਜਾਂਦੇ ਹਨ
ਨਵੇਂ ਸਿਰਜੇ ਤਾਰਕਾ ਮੰਡਲ 'ਚ ਹਨ੍ਹੇਰਾ ਛਾ ਜਾਂਦਾ ਹੈ
ਤੇ ਆਪਣਾ ਸਾਇਆ ਹੀ
ਆਪਣੀ ਦੇਹ ਨੂੰ ਖਾ ਜਾਂਦਾ ਹੈ
-0-
ਚਰਖੀ ਦੀ ਘੂਕਰ
ਵਿਦੇਸ਼ਾਂ 'ਚ ਵੀ ਸੁਣਦੀ ਹੈ
ਕੱਤੇ ਸੂਤ ਨਾਲ ਗੁਆਚੇ ਮਾਹੀਂ ਦੀ ਪਿੱਠ ਢਕਦੀ ਹੈ
ਪਰ ਛਾਤੀ 'ਚ ਰਾਹਾਂ ਤੋਂ ਉਖੜੇ
ਪੈਰਾਂ ਦਾ ਸਵਾਲ ਨੰਗਾ ਹੀ ਰਹਿ ਜਾਂਦਾ ਹੈ
-0-

ਕੁੜੀ ਦੀਆਂ ਅੱਖਾਂ ਉਸ ਸਵਾਲ ਨੂੰ ਤੱਕਦੀਆਂ
ਹੱਥ ਰੰਗਲੇ ਧਾਗਿਆਂ ਨਾਲ ਸੁਪਨੇ ਬੁਣਦੇ
ਤੇ ਕੰਨ ਸੁਪਨਿਆਂ ਦੇ ਟੁੱਟਣ ਦੀ ਅਵਾਜ਼ ਸੁਣਦੇ
ਨਜ਼ਰ ਦੇ ਸੱਚ ਨੂੰ ਪੈ ਗਏ ਕੀੜੇ ਜ਼ਫਰ ਦੇ
ਕੁੜੀ ਪੁੱਠੇ ਪੈਰੀ ਵਤਨੀ ਮੁੜਦੀ
ਖਿਆਲੀ ਸਫਰ ਪ੍ਰਦੇਸ ਦਾ
ਇਹ ਰੋਜ਼ ਕਰਦੀ ਹੈ
ਪਲ ਪਲ ਜਿਉਂਦੀ ਹੈ, ਪਲ ਪਲ ਮਰਦੀ ਹੈ
–0–
ਹੁਣ ਉਸ ਦੇ ਸ਼ਾਹ ਕਾਲੇ ਵਾਲਾਂ 'ਚ
ਸਫੇਦੀ ਆ ਗਈ ਹੈ
ਉਮਰ ਦੇਹ ਦੇ ਅੰਗਾਂ ਨੂੰ ਖਾਂਦੀ ਖਾਂਦੀ ਖਾ ਗਈ ਹੈ
ਚਰਖੀ ਦੀ ਘੂਕਰ ਦੀ ਸੁਰ ਨੀਵੀਂ ਹੋ ਗਈ ਹੈ
ਪਰ ਉਹ ਨਿਤ ਚਰਖੀ ਡਾਹੁੰਦੀ ਘੂਕਰ ਸੁਣਦੀ
ਤੇ ਕਿਸੇ ਦੇ ਪਰਤਣੋਂ ਦੀ ਉਡੀਕ 'ਚ
ਰਾਤ ਦਿਨ ਆਪਣਾ ਦਰ ਖੁੱਲਾ ਰਖਦੀ
ਆਪਣੇ ਗਿਰੇਬਾਨ ਦੀ ਤਰ੍ਹਾਂ
ਹਰ ਜਾਂਦੇ ਮੁਸਾਫ਼ਰ ਨੂੰ ਤਾੜਦੀ ਸਿਆਣ ਦੀ ਤਰ੍ਹਾਂ
ਆਪਣਾ ਗ਼ਮ
ਆਪਣੀ ਦੇਹ 'ਚ ਹੰਢਾ ਰਹੀ ਸੀ ਜਾਨ ਦੀ ਤਰ੍ਹਾਂ
–0–
ਸੌਂਦੀ ਜਾਗਦੀ
ਆਪਣੇ ਸਾਏ 'ਚੋਂ ਆਪਣੀ ਅਸਲੀਅਤ ਭਾਲਦੀ
ਅਸਲੀਅਤ ਜੋ ਉਸ ਦਾ ਕਲਬੂਤ ਛੱਡ
ਰੂਹ ਬਣ ਪ੍ਰਦੇਸਾਂ 'ਚ ਗੁਆਚ ਗਿਆ ਸੀ
ਰੂਹ ਦਾ ਭਰਮ ਪਾਲਦੀ
ਉਹ ਇਕ ਕਲਬੂਤ ਜੀਅ ਰਹੀ ਸੀ
ਅੱਖੀਆਂ ਦੇ ਖਾਰੇ ਖੂਹ ਪੀ ਰਹੀ ਸੀ
ਉਸ ਦੀ ਧੁੱਪ ਠੰਡੀ ਹੋ ਰਹੀ ਸੀ
ਉਹ ਆਪਣੀ ਹੀ ਮੁੱਠ ਵਿੱਚ ਸੁੰਗੜਦੀ ਹੀ ਜਾ ਰਹੀ ਸੀ
–0–

ਅੱਜ ਚਰਖੀ ਘੁੰਮਦੀ ਨਜ਼ਰ ਆਉਂਦੀ ਹੈ
ਚਰਖੀ ਦੀ ਘੂਕਰ ਵੀ ਸੁਣਦੀ ਹੈ
ਪਰ ਫਿੱਕੇ ਰੰਗਾਂ ਵਾਲੀ ਪੀੜ੍ਹੀ 'ਤੇ ਬੈਠੀ
ਕੁੜੀ ਅਲੋਪ ਹੈ
ਸ਼ਾਇਦ ਉਹ ਨਿਕਲ ਗਈ ਹੈ
ਆਪਣੇ ਅਸਤਿਤਵ ਦੀ ਭਾਲ 'ਚ
ਜਾਂ
ਉਸ ਨੂੰ ਆਪਣੀ ਰੂਹ ਦੇ ਭਰਮ
ਅਤੇ
ਕਲਬੂਤ ਦਾ ਸੱਚ ਸਮਝ ਆ ਗਿਆ ਹੈ
-0-
ਉਹ ਕੁੜੀ ਜਿਸ ਦੇ ਸੀਨੇ 'ਚੋਂ
ਨਿਤ ਨਵੇਂ ਦਿਸਹੱਦੇ ਤੇ ਸੂਰਜ ਜਨਮਦੇ ਸਨ
ਨਵੇਂ ਦਿਸ ਹੱਦੇ ਤੇ ਸੂਰਜਾਂ ਦੇ ਨਾਲ
ਅੱਜ ਖੁਦ ਅਸਤ ਹੋ ਗਈ ਹੈ
ਆਪਣੇ ਕਲਬੂਤ ਦੀ ਜੂਨ ਤੋਂ
ਤੇ
ਰੂਹ ਦੇ ਭਰਮ ਤੋਂ ਮੁਕਤ ਹੋ ਗਈ ਹੈ
-0-
ਚਰਖੀ ਦੀ ਘੂਕਰ 'ਚੋਂ
ਇਕ ਲੋਕ ਰੰਗ ਦੀ ਅਵਾਜ਼ ਰੋਜ਼ ਉਠਦੀ ਹੈ
ਸ਼ਬਦਾਂ ਤੇ ਅਰਥਾਂ 'ਚ ਗੁਆਚ ਜਾਂਦੀ ਹੈ
-0-

## ਦੌੜਦੇ ਕਦਮ

ਤੁਪਕਾ ਤੁਪਕਾ ਸੂਰਜ
ਮੁੜ੍ਹਕੋ ਮੁੜ੍ਹਕੀ ਪੌਣ
ਤਲੀਆਂ 'ਤੇ ਦੋ ਨੈਣ ਜਗਾਈ
ਅੰਬਰੋਂ ਲੱਥਾ ਕੌਣ?
-0-
ਮਸਤਕ ਵਿੱਚ ਬਲਦੇ ਦੀਵੇ ਦੀ
ਲੋਅ ਦੇਹੀ ਵਿੱਚ ਹੋਈ
ਧਰਤੀ ਮਹਿਕੇ ਅੰਬਰ ਵਿਸਮੇਂ
ਸਮਾਂ ਕਰੇ ਦਿਲ ਜੋਈ
ਸੂਰਜ ਦੇਹ 'ਚੋਂ ਉੱਗਾ
ਸੁਬਹਾ ਹੋਈ ਸੁਬਹਾ ਹੋਈ
-0-
ਜਿਸਮ ਨਿਰਾ ਖੁਸ਼ਬੂ ਖੁਸ਼ਬੂ
ਚਿੰਤਨ ਚਾਨਣ ਚਾਨਣ ਹੋਇਆ
ਮੈਂ ਹੀ ਸਾਂ ਜੋ ਆਪਣੇ ਸਾਵ੍ਹੇਂ
ਆਪੇ ਆਣ ਖਲੋਇਆ
-0-
ਆਪਣੇ ਅਰਥ ਦਾ ਚਿਹਰਾ
ਜਦ ਨੈਣਾਂ ਵਿਹੜੇ ਉੱਗਾ
ਦੇਹ 'ਚੋਂ ਸ਼ਬਦ ਆਪ ਮੁਹਾਰੇ
ਬੋਲ ਪਿਆ ਹੋ ਉੱਘਾ
-0-
ਲੰਬੀ ਵਾਟ ਜਿਉਂਦੇ ਅਨੁਭਵ
ਫਿਰ ਦਿਸ਼ਾਵਾਂ ਗਾਹੀਆਂ
ਲਹੂ ਦੇ ਰੰਗ 'ਚੋਂ
ਕਿਰਨਾਂ ਜਿਹੀਆਂ ਰੁੱਤਾਂ ਪੁੰਗਰ ਆਈਆਂ
-0-

## ਮੁਰਦਾ

ਮੁਰਦਾ ਜੀਵਨ
ਇਹਨਾਂ ਜਿਉਂਦੇ ਜਾਗਦੇ
ਮੁਰਦਿਆਂ ਤੋਂ ਤਾਂ ਚੰਗਾ ਹੈ
ਜੋ ਆਪਣਾ ਸੱਚ ਜਾਣ ਗਿਆ ਹੈ
ਆਪਣੀ ਹੋਂਦ ਪਹਿਚਾਣ ਗਿਆ ਹੈ
ਤੇ ਆਪਣੀ ਮਿੱਟੀ ਤਿਆਗ
ਆਪਣੇ ਸੱਚ ਦਾ ਹਮਸਫ਼ਰ ਹੋ ਗਿਆ ਹੈ
-0-
ਆਪਣਾ ਸੱਚ ਜਾਨਣਾ ਮੁਰਦੇ ਦੇ ਵਸ ਨਹੀਂ
ਮੁਰਦਾ ਤਾਂ ਜਨਮ ਤੋਂ ਹੀ ਮਿੱਟੀ ਹੈ
ਸੱਚ ਜਾਨਣਾ ਤਾਂ ਮਿੱਟੀ ਦੇ
ਪੰਜਾਂ ਤੱਤਾਂ ਦੇ ਸੰਚਾਲਕ
ਛੇਵੇਂ ਤੱਤ ਆਤਮਾ ਦਾ ਕੰਮ ਹੈ
ਆਤਮਾ ਨੂੰ ਜਾਨਣਾ ਚੇਤਨਤਾ ਦਾ ਕਰਮ ਹੈ
-0-
ਅਸੀਂ ਜਿਉਂਦੇ ਜਾਗਦੇ ਮੁਰਦੇ
ਜੋ ਆਪਣੇ ਸੱਚ ਤੋਂ ਅਣਜਾਣ ਹਾਂ
ਭਰਮ ਦੀ ਜੂੰਨ ਜੀਅ ਰਹੇ ਹਾਂ
ਆਪਣੇ ਸੱਚ ਦੇ ਰਾਹ 'ਚ ਕੰਡੇ ਖਿਲਾਰ ਰਹੇ ਹਾਂ
ਆਪਣੇ ਆਪ ਨੂੰ ਹਨ੍ਹੇਰਿਆਂ 'ਚ ਉਤਾਰ ਰਹੇ ਹਾਂ
ਮੁਰਦੇ ਨੂੰ ਮੁਰਦਾ ਆਖ
ਆਪਣੇ ਆਪ 'ਚ ਜੀਵਨ ਦਾ ਭਰਮ ਪਾਲ ਰਹੇ ਹਾਂ
-0-
ਇਹ ਜੋ ਮੁਰਦਾ ਹੈ
ਖਾਲਸ ਜੀਵਨ ਗਤੀ ਹੈ
ਜੋ ਮਿੱਟੀ ਜੀਵਨ ਤਿਆਗ ਗਈ ਹੈ
ਜਿਉਂਦੇ ਜੀਅ ਨਾ ਸਹੀ
ਮਰ ਕੇ ਮਿੱਟੀ ਦਾ ਸੱਚ ਜਾਣ ਗਈ ਹੈ
-0-

ਹੁਣ ਇਸ ਦਿਸ ਰਹੀ ਮਿੱਟੀ 'ਚ
ਉਹ ਆਪਣੇ ਸੱਚ ਦਾ ਪ੍ਰਵੇਸ਼ ਨਹੀਂ ਕਰੇਗਾ
ਸਗੋਂ ਸੱਚ ਜਾਨਣ ਵਾਲੀ ਮਿੱਟੀ ਦੀ ਭਾਲ ਕਰੇਗਾ
ਤੇ ਆਪਣੇ ਸੱਚ ਸਮੇਤ
ਉਸ ਮਿੱਟੀ 'ਚ ਆਪਣੀ ਰੂਹ ਧਰੇਗਾ
ਜਿਉਂਦੇ ਜੀਅ ਮੁਰਦਿਆਂ ਵਾਂਗ ਨਹੀਂ
ਬਲਕਿ ਜਿਉਂਦੇ ਜੀਅ ਜਗਦੇ ਮਨੁੱਖਾਂ ਵਾਂਗ
ਜੋ ਆਪਣੀ ਮਿੱਟੀ ਹੰਢਾ ਸਕੇ
ਮਿੱਟੀ ਦੇ ਸੱਚ ਦਾ ਚਾਨਣ ਖਿਲਾਰ ਸਕੇ
ਆਪਣੀ ਆਤਮਾ 'ਚ ਮਿੱਟੀ
ਮਿੱਟੀ 'ਚ ਆਤਮਾ ਉਤਾਰ ਸਕੇ
ਰਾਤ ਦੇ ਹੁੰਦਿਆਂ ਹੀ ਸਵੇਰੇ ਵੇਖ ਸਕੇ
ਆਪਣੀ ਮੌਤ ਤੋਂ ਅਗੇਰੇ ਵੇਖ ਸਕੇ
-0-
ਜੀਵਨ ਭਰ ਦੇਵੇ ਜਾਨਣ ਲਈ
ਜ਼ਿੰਦਗੀ ਭਰ ਦੇਵੇ ਮਾਨਣ ਲਈ
ਆਦਮੀ ਆਪਣਾ ਆਪਾ
ਜਾਨਣ ਲਈ ਜਨਮੇ
ਵਿਸ਼ਵ ਦੀ ਹੋਂਦ ਪਹਿਚਾਨਣ ਲਈ ਜਨਮੇ
ਤਾਂ ਕਿ
ਜਿਉਂਦੇ ਜਾਗਦੇ ਮੁਰਦਿਆਂ ਨੂੰ
ਕਬਰ 'ਚ ਪਈ ਮਿੱਟੀ ਮੁਰਦਾ ਨਹੀਂ
ਜੀਵਨ ਦਾ ਪੁੰਗਰਦਾ
ਅਹਿਸਾਸ ਨਜ਼ਰ ਆਵੇ
ਜਿਉਂਦੇ ਜਾਗਦੇ ਮੁਰਦਿਆਂ ਨੂੰ
ਆਪਣੀ ਹੋਂਦ ਦਾ ਪਾਸ ਨਜ਼ਰ ਆਵੇ।
-0-

## ਚਰਚਾ

ਕਬਰਸਤਾਨ ਦਾ ਰਕਬਾ ਵੱਧ ਗਿਆ ਹੈ
ਬੱਚੇਦਾਨੀਆਂ ਸੁੰਗੜ ਗਈਆਂ ਹਨ
ਕੁਆਰੀਆਂ ਮਾਂਵਾਂ ਦੀਆਂ ਮੁੱਠਾਂ 'ਚ
ਗੱਲ ਜਿਥੋਂ ਤੁਰੀ ਸੀ
ਉਥੇ ਹੀ ਖੜ੍ਹੀ ਹੈ
ਉਂਝ ਗੱਲ ਮੁਕਣ ਦੀ ਚਰਚਾ ਬੜੀ ਹੈ

-0-

ਲੋਕਤੰਤਰ
ਪੈਂਤੀ ਅਖਰੀ ਤੋਂ ਜੀਭਾ ਤਕ
ਚਰਚਾ ਹੀ ਚਰਚਾ ਹੈ
ਲੋਕਤੰਤਰ
ਸੁੱਕੇ ਰੁੱਖਾਂ ਦੀ ਤਰ੍ਹਾਂ
ਕਦੀ ਜੜ੍ਹਾਂ ਵਲ ਤੱਕਦਾ ਹੈ
ਕਦੀ ਸਿਉਂਕ ਲੱਗੇ ਟਾਹਣਾਂ ਨੂੰ ਰੋਂਦਾ ਹੈ
ਕਦੀ ਖਾਲੀ ਆਲ੍ਹਣਿਆਂ 'ਚੋਂ
ਆਪਣੀ ਵੀ ਅਵਾਜ਼ ਸੁਣਦਾ ਹੈ
ਤੇ ਕਾਵਾਂ ਦੇ ਮੂੰਹਾਂ 'ਚੋਂ ਚੋਂਦੀਆਂ
ਜਰਦੀਆਂ ਦੇ
ਖੰਭ ਤੇ ਪਰਵਾਜ਼ ਬੁਣਦਾ ਹੈ

-0-

ਲੋਕ-ਤੰਤਰ
ਥੱਕ ਟੁੱਟ ਕੇ ਜਦੋਂ ਵੀ ਬਹਿੰਦਾ ਹੈ
ਆਪਣੇ ਆਪ ਨੂੰ
ਪਹਾੜਾਂ, ਦਰਿਆਵਾਂ, ਜੰਗਲਾਂ
ਰਿਸ਼ੀਆਂ, ਮੁੰਨੀਆਂ
ਤੇ ਮੰਦਰਾਂ ਦਾ ਦੇਸ਼ ਕਹਿੰਦਾ ਹੈ

-0-

ਮੋਈਆਂ ਮੱਛੀਆਂ
ਹਵਾ 'ਚ ਤੈਰ ਰਹੀਆਂ ਹਨ
ਅੱਖਰ ਪੁਸਤਕਾਂ ਦੀ ਦੇਹ ਤਿਆਗ
ਪਿਘਲ ਪਿਘਲ ਵਗ ਰਹੇ ਹਨ
ਪੱਥਰਾਂ ਦੇ ਪੈਰਾਂ 'ਚ
ਬਸਤੀਆਂ, ਪਿੰਡਾਂ ਤੇ ਸ਼ਹਿਰਾਂ 'ਚ
-0-
ਇਨਸਾਨ
ਲੋਹਾ ਜੰਮ ਰਿਹਾ ਹੈ
ਲੋਹਾ ਖਾ ਰਿਹਾ ਹੈ, ਲੋਹਾ ਪੀ ਰਿਹਾ ਹੈ
ਆਪਣੇ ਆਪ ਨੂੰ
ਉਧੇੜ ਉਧੇੜ ਸੀਅ ਰਿਹਾ ਹੈ
ਕਦੀ ਆਪਣੀ ਹੀ ਭਾਲ 'ਚ ਸੀ ਮਰ ਰਿਹਾ
ਅੱਜ ਆਪਾ ਗੁਆ ਕੇ ਜੀਅ ਰਿਹਾ ਹੈ
-0-
ਆਦਮ ਦੇ ਵਿਸਥਾਰ ਦਾ
ਆਦਮ਼ ਹਨ੍ਹੇਰਾ ਹੈ
ਨਕਸ਼ੇ ਦੀ ਤਲੇ 'ਤੇ ਤਿੜਕਦਾ ਜਾ ਰਿਹਾ
ਇਹ ਘਰ ਮੇਰਾ ਹੈ
ਇਹ ਦੇਸ਼ ਮੇਰਾ ਹੈ
ਇਹ ਵਿਸ਼ਵ ਮੇਰਾ ਹੈ
-0-

## ਮੈਂ ਤੋਂ ਤੂੰ ਤੱਕ

ਹਨ੍ਹੇਰਾ ਰੌਸ਼ਨੀ ਦੀ ਪਹਿਚਾਣ ਹੈ
ਰੌਸ਼ਨੀ 'ਚ ਜੋ ਕੁਝ ਵੀ ਦ੍ਰਿਸ਼ਟਮਾਨ ਹੈ
ਹਨ੍ਹੇਰੇ ਦੀ ਉਹ ਉਪਜ ਹੈ ਹਨ੍ਹੇਰੇ ਦਾ ਪਰੀਮਾਣ ਹੈ

-0-

ਸੂਰਜ ਵੀ ਹਨ੍ਹੇਰੇ 'ਚੋਂ ਚੜ੍ਹਦਾ ਹੈ
ਚੜ੍ਹੇ ਸੂਰਜ 'ਚ ਹਨ੍ਹੇਰਾ ਅਾਹੋਂਦਾ ਨਹੀਂ ਹੁੰਦਾ
ਸਗੋਂ ਅਦਿੱਸ ਹੋ ਜਾਂਦਾ ਹੈ
ਹਨ੍ਹੇਰਾ ਚਾਨਣ ਦੇ ਅੰਦਰ ਵੀ ਹੈ, ਬਾਹਰ ਵੀ ਹੈ
ਚਾਨਣ ਹਨ੍ਹੇਰੇ ਦੇ ਅੰਦਰ ਵੀ ਹੈ, ਬਾਹਰ ਵੀ ਹੈ
ਹਨ੍ਹੇਰੇ 'ਚ ਛੁਪੀ ਸਮੱਗਰੀ
ਚਾਨਣ 'ਚ ਦ੍ਰਿਸ਼ਟਮਾਨ ਹੁੰਦੀ ਹੈ
ਚਾਨਣ ਹਨ੍ਹੇਰੇ ਦੀ
ਹਨ੍ਹੇਰਾ ਚਾਨਣ ਦੀ ਜਾਨ ਹੁੰਦੀ ਹੈ।

-0-

ਮਨੁੱਖ ਜੇ ਧੁਰ ਤਕ
ਆਪਣੇ ਹਨ੍ਹੇਰੇ ਨੂੰ ਪਹਿਚਾਣ ਲਵੇ
ਤਾਂ ਆਪਣਾ ਚਾਨਣ ਜਾਣ ਸਕਦਾ ਹੈ
ਆਪਣੇ ਸਵੈ ਨੂੰ ਪਹਿਚਾਣ ਸਕਦਾ ਹੈ
ਮਨੁੱਖ ਅੰਦਰ ਫੈਲਿਆ ਹਨ੍ਹੇਰਾ
ਕਈ ਸੂਰਜਾਂ ਨੂੰ ਜਨਮ ਦੇਂਦਾ ਹੈ
ਇਹਨਾਂ ਸੂਰਜਾਂ ਦੇ ਜਨਮ 'ਚੋਂ
ਮਨੁੱਖੀ ਸਵੈ ਦਾ ਸੂਰਜ ਉਦੈ ਹੁੰਦਾ ਹੈ
ਜਿਸ ਤੋਂ ਇਹ ਸੂਰਜ ਜਨਮਦੇ ਹਨ
ਅਕਾਸ਼ ਪਤਾਲ ਗ੍ਰਹਿ ਤੇ ਸਗਲਾ
ਬ੍ਰਹਿਮੰਡ ਉਪਜਦਾ ਹੈ।

-0-

ਮਨੁੱਖੀ ਸੰਵੈ
ਜੋ ਮਨੁੱਖਾ ਦੇਹ ਦੇ ਪੰਜਾਂ ਤੱਤਾਂ ਦਾ
ਸੰਚਾਲਕ ਤੱਤ ਹੈ
ਜੇ ਮਨੁੱਖ ਇਸ ਨੂੰ ਜਾਣ ਜਾਂਦਾ ਹੈ
ਤਾਂ ਆਪਣੀ ਦੇਹ 'ਚ ਵਸਦਾ
ਸਗਲਾ ਬ੍ਰਹਿਮੰਡ ਪਹਿਚਾਣ ਜਾਂਦਾ ਹੈ
ਸਗਲਾ ਚਾਨਣ, ਸਗਲਾ ਹਨ੍ਹੇਰਾ
ਮਨੁੱਖ ਦੀ ਸੋਚ 'ਚ ਬਿਰਾਜਮਾਨ ਹੈ
ਅਣਗਿਣਤ ਧਰਤੀਆਂ
ਅਕਾਸ਼, ਸੂਰਜ, ਜੀਵ ਜੰਤੂ, ਤੇ ਕੁਲ ਬਨਾਸਪਤੀ
ਪਾਣੀ, ਅੱਗ, ਹਵਾ
ਆਦਮੀ ਦੇ ਫੇਫੜਿਆਂ 'ਚ
ਵਿਚਰਦੇ ਅਵਿਚਰਦੇ ਹਨ।
-0-
ਸਵੈ ਅਹਿਸਾਸ ਦੀ ਧਾਰਾ 'ਚ ਬੱਝਾ ਮਨੁੱਖ
ਕਿਸੇ ਵੀ ਸਾਧਨ ਤੋਂ ਬਿਨਾਂ
ਸਗਲੇ ਬ੍ਰਹਿਮੰਡ ਦੇ ਕਿਸੇ ਵੀ ਧੁਰੇ ਤਕ
ਪਹੁੰਚ ਸਕਦਾ ਹੈ
ਅਕਾਸ਼ 'ਚ ਉਡ ਸਕਦਾ ਹੈ
ਪਾਣੀ 'ਤੇ ਤੁਰ ਸ਼ਕਦਾ ਹੈ
ਅੱਗ ਡੀਕ ਸਕਦਾ ਹੈ, ਥਲ ਸੀਕ ਸਕਦਾ ਹੈ
ਸਿਰਫ ਦੇਹ ਦੀ ਲਕਸ਼ਮਣ ਰੇਖਾ ਲੰਘ ਕੇ
ਆਪਣੇ ਸਵੈ ਨੂੰ ਜਾਨਣ ਤੋਂ ਬਾਅਦ।
-0-
ਮਨੁੱਖ ਜੇ ਧੁਰ ਤਕ
ਆਪਣਾ ਹਨ੍ਹੇਰਾ ਪਹਿਚਾਣ ਲਵੇ
ਤਾਂ ਆਪਣਾ ਚਾਨਣ ਜਾਣ ਸਕਦਾ ਹੈ
ਵਿਸ਼ਵ ਦੀ ਦੇਹ 'ਚ ਵਸਦੇ
ਵਿਸ਼ਵ-ਸਵੈ ਨੂੰ ਜਾਣ ਸਕਦਾ ਹੈ
ਸਵੈ ਤੋਂ ਸਵੈ ਦੀ ਤ੍ਰਿਸ਼ਨਾ ਪਹਿਚਾਣ ਸਕਦਾ ਹੈ
ਜਿਸ ਵਿੱਚ ਰੱਬ ਹੈ ਰੱਬਤਾ ਹੈ
ਅਤੋਲੇ ਬ੍ਰਹਿਮੰਡ ਸਿਮਟੇ ਪਏ ਹਨ।
-0-

ਸ਼ਵੈ ਦੀ ਤ੍ਰਿਸ਼ਨਾ ਦਾ ਸਵੈ ਹੀ ਪਰਮ ਸੱਤ ਹੈ
ਆਦਿ ਜੁਗਾਦਿ ਹੈ
ਉਸ ਦੇ ਹੁਕਮ 'ਚ ਦ੍ਰਿਸ਼ਟੀ ਹੈ ਸ੍ਰਿਸ਼ਟੀ ਹੈ
ਉਸ ਸਵੈ ਦਾ ਅਕਾਰ ਅਤੁੱਲ ਹੈ ਅਮੁਕ ਹੈ
ਦ੍ਰਿਸ਼ਟੀ ਰਹਿਤ ਹੈ
ਜੀਵਨ ਮ੍ਰਿਤਿਊ ਉਸ ਦੇ ਅਕਾਰ 'ਚ ਹਨ
ਉਹ ਜਨਮ ਮਰਨ ਸਮਿਉ ਰਹਿਤ
ਨਿਰੰਤਰ ਹੈ।.
–0–
ਪਰ ਮਨੁੱਖ ਵਿਚਲੇ ਸਵੈ ਦੇ ਸ਼ੀਸ਼ੇ 'ਚ
ਇਸ ਨੂੰ ਵੇਖਿਆ ਜਾ ਸਕਦਾ ਹੈ
ਅਹਿਸਾਸਿਆ ਜਾ ਸਕਦਾ ਹੈ
ਜੀਵਿਆ ਜਾ ਸਕਦਾ ਹੈ
ਇਸ ਜਿਹਾ ਹੋਇਆ ਜਾ ਸਕਦਾ ਹੈ।
–0–
ਮਨੁੱਖ ਦੇ ਧੁਰ ਤਕ
ਆਪਣੇ ਹਨ੍ਹੇਰੇ ਨੂੰ ਜਾਣ ਲਵੋ
ਤਾਂ ਆਪਣੇ ਚਾਨਣ ਨੂੰ ਪਹਿਚਾਣ ਸਕਦਾ ਹੈ
ਆਪਣੇ ਸਵੈ ਨੂੰ
ਅਤੇ ਸਵੈ ਦੀ ਤ੍ਰਿਸ਼ਨਾ ਨੂੰ ਜਾਣ ਸਕਦਾ ਹੈ।
–0–

## ਨਜ਼ਰ

ਮਸਤਕ ਵਿਚਲੇ ਫੁੱਲਾਂ
ਦੇਹ ਦੇ ਕੰਡੇ ਗਾਹੇ
ਦੰਦਾਂ ਹੇਠ ਚਿੱਥ ਚਿੱਥ ਜੀਭਾਂ
ਲਹੂ ਨਾਲ ਰੁੱਤਾਂ ਰੰਗੀਆਂ
ਅੱਖਾਂ ਦੇ ਵਿਚ ਵਰ ਵਰ ਸੁਕੀਆਂ
ਥਲ ਸਿੰਜਣ ਲਈ ਬਦਲੀਆਂ ਜੋ ਚੜ੍ਹੀਆਂ।
-0-
ਦੇਹ 'ਚੋਂ ਕਿਰਦੇ ਸਾਹਾਂ ਖਾਤਰ
ਸਮਾਂ ਨਿਰੰਤਰ ਰੋਇਆ
ਪਿੱਠ 'ਤੇ ਉੱਗੇ ਸੂਰਜ ਦਾ
ਨਾ ਮੱਥੇ ਚਾਨਣ ਹੋਇਆ।
-0-
ਕਈ ਵਾਰੀ ਪੈਰਾਂ 'ਚ ਉਤਰੇ
ਪੋਟੀ ਸਾਗਰ ਟੋਹਿਆ
ਰੋਇਆ ਜਲ ਦਾ ਪੱਛਿਆਂ ਪਿੰਡਾ
ਅੱਗਾਂ ਚੱਬਦਾ ਹੋਇਆ
ਜਲ ਨਾ ਜਲ ਦੀ ਪੀੜ ਪਛਾਣੀ
ਨਾ ਜਲ ਹੀ ਜਲ ਨੂੰ ਰੋਇਆ
ਚਿੰਤਨ
ਚਿੰਤਨ
ਚਿੰਤਨ ਕੱਚ ਦੇ ਸ਼ਹਿਰ ਖਲਾਅ 'ਚ ਉੱਗੇ
ਸੂਰਜ ਗਿਆ ਨਾ ਬੋਇਆ ਧਰਤੀ ਕੁੱਖੇ।
-0-

ਸਭ ਦਿਸ਼ਾਵਾਂ ਆਪਣੀ ਆਪਣੀ
ਮੰਜ਼ਿਲ ਮੂੰਹੋਂ ਬੋਲਣ
ਸਿਰ ਤੋਂ ਲੈ ਕੇ ਪੈਰਾਂ ਤੀਕਣ
ਆਪਣੇ ਆਪ ਨੂੰ ਝਾਕਣ
ਨਜ਼ਰ ਮੇਰੀ ਨੂੰ ਦਿਸਹੱਦੇ ਤੱਕ
ਸੱਖਣੀਆਂ ਹੀ ਜਾਪਣ।
-0-
ਮੈਂ ਚਾਨਣ ਦੀ ਬਾਤੀ
ਕਿਹੜੇ ਸਿਰਿਉਂ ਬਾਲਾਂ
ਮੈਂ ਆਪਣਾ ਆਪ ਹੰਘਾਲਾ
ਮੈਂ ਸੂਰਜ ! ਸੂਰਜ ਭਾਲਾਂ
ਮੈਂ ਆਪਣਾ ਸੂਰਜ ਬਾਲਾਂ!
-0-

## ਰੁੱਖ ਤੇ ਜੰਗਲ

ਰੁੱਖ ਆਪਣੇ ਸਿਰ 'ਤੇ
ਸੜਦੀ ਧੁੱਪ ਸਹਾਰਦਾ ਹੈ
ਤੇ ਆਪਣੇ ਸਾਏ ਹੇਠ ਮੁਸਾਫਰਾਂ ਲਈ
ਸਿਰ ਦੀ ਠੰਡੀ ਛਾਂ ਉਤਾਰਦਾ ਹੈ।
-0-
ਮੁਸਾਫ਼ਰ ਪਲ ਦੋ ਪਲ ਲਈ ਬਹਿੰਦੇ
ਤੇ ਫਿਰ ਸਫ਼ਰ ਹੋ ਜਾਂਦੇ
ਕੋਈ ਵੀ ਮੁਸਾਫ਼ਰ ਰੁੱਖ ਦਾ ਦੁੱਖ ਸੁੱਖ
ਆਪਣੀ ਨਜ਼ਰ 'ਚ ਨਾ ਉਤਾਰਦਾ।
-0-
ਰੁੱਖ ਨੂੰ ਉਸ ਦੀ ਚੁੱਪ ਖਾਂਦੀ
ਰੁੱਖ ਆਪਣੀ ਇਕੱਲਤਾ ਜਿਉਂਦਾ ਤੇ ਸਹਾਰਦਾ
ਰੁੱਖ ਦੀਆਂ ਅੱਖਾਂ
ਦੋਸਤੀ, ਸੰਗਤ ਲਈ ਤਰਸਦੀਆਂ
ਕੋਈ ਵੀ ਮੁਸਾਫ਼ਰ
ਉਸ ਦੀਆਂ ਅੱਖਾਂ 'ਚ ਨਾ ਝਾਕਦਾ
ਰੁੱਖ ਦੇ ਦਿਲ ਦੀ ਵੇਦਨਾ ਨਾ ਜਾਣਦਾ।
-0-
ਰੁੱਖ ਦੋਸਤੀ ਤੇ ਸੰਗਤ ਦੀ ਤਲਾਸ਼ 'ਚ
ਆਪਣੀਆਂ ਜੜ੍ਹਾਂ ਤੋਂ ਪੱਤਿਆਂ ਤਕ ਦਾ ਸਫਰ ਕਰਦਾ
ਉਸ ਦੋਸਤ ਦੀ ਤਲਾਸ਼ ਲਈ
ਆਪਣੀ ਦੇਹ ਨੂੰ ਤਰਦਾ
ਜੋ ਸੁਆਸਾਂ ਵਾਂਗ ਉਸ ਦੇ ਸੰਗ ਰਹੇ
ਰੂਹ ਤੋਂ ਦੇਹ ਤਕ ਉਸ ਦੇ ਰੰਗ ਰਹੇ
-0-

ਉਦਾਸ ਤੇ ਚੁੱਪ ਰੁੱਖ ਸੋਚਦਾ
ਮੈਂ ਕੀ ਹਾਂ?
ਮੈਂ ਰੁੱਖ ਹਾਂ ਜਾਂ ਰੁੱਖ ਤੋਂ ਸਿਵਾ ਕੁਝ ਹੋਰ ਹਾਂ
ਮੈਂ ਆਪਣੀ ਭਾਲ 'ਚ
ਸਮਿਆਂ 'ਚ ਗੁਆਚਾ ਦੌਰ ਹਾਂ
ਮੇਰੀ ਸੰਚਾਲਕ ਕਿਰਿਆ ਦੀ ਸ਼ਕਤੀ ਕੀ ਹੈ?
ਕੌਣ ਹੈ ਮੇਰੇ 'ਚ
ਜੋ ਹਵਾ ਵਾਂਗ ਵਗਦਾ ਹੈ
ਅਕਾਸ਼ ਵਾਂਗ ਛਾਇਆ ਹੈ
ਜ਼ਲ ਵਾਂਗ ਤੁਰਦਾ ਹੈ
ਧਰਤ ਦੀ ਮਹਿਕ ਵਰਗਾ ਹੈ ਕੋਈ
ਜੋ ਅੱਗ ਵਾਂਗ ਨਿੱਘਾ ਹੈ
ਕੌਣ ਹੈ ਜੋ ਮੇਰਿਆਂ ਸਾਹਾਂ 'ਚ ਵਸਿਆ ਹੈ
ਮੇਰੀ ਨਸ ਨਸ 'ਚ ਰਸਿਆ ਹੈ।
-0-
ਇਸ ਕੌਣ ਦੀ ਭਾਲ 'ਚ
ਰੁੱਖ ਨੇ ਆਪਣਾ ਅੰਦਰ ਫੋਲ ਮਾਰਿਆ
ਕਈ ਵਾਰ ਆਪਣੇ ਆਪ ਨੂੰ ਪਹਿਨਿਆਂ
ਕਈ ਵਾਰ ਆਪਣੇ ਆਪ ਨੂੰ
ਆਪੇ ਤੋਂ ਉਤਾਰਿਆ
ਆਖਰ ਥੱਕ ਟੁੱਟ ਕੇ ਰੁੱਖ
ਆਪਣੇ ਅੰਦਰ ਹੀ ਬੈਠ ਗਿਆ।
-0-
ਭਟਕਣ ਤੋਂ ਸਿਵਾ ਕੁਝ ਨਜ਼ਰ ਨਾ ਪਿਆ
ਰੁੱਖ ਜਿਧਰ ਵੀ ਗਿਆ
ਜਦ ਸੂਰਜ ਦੀ ਪਹਿਲੀ ਕਿਰਨ ਨੇ
ਰੁੱਖ ਦੇ ਮੱਥੇ ਨੂੰ ਛੂਹਿਆ
ਤਾਂ ਰੁੱਖ ਨੂੰ ਆਪਣੀ ਤ੍ਰੈਕੁਟੀ 'ਚ
ਆਪਣੇ ਸਵੈ ਦਾ ਅਨੁਭਵ ਹੋਇਆ
ਵਾਕ ਲਿਆ ਸਵੈ ਦਾ ਰੁੱਖ ਨੇ
ਜੜ੍ਹਾਂ ਤੋਂ ਪੱਤੇ ਤਕ ਦਾ ਰੁੱਖ

ਚਾਨਣ ਚਾਨਣ ਹੋਇਆ।
ਆਪਣੇ ਸਵੈ ਦੇ ਗਲ ਲੱਗ
ਰੁੱਖ
ਸਿਰ ਤੋਂ ਪੈਰਾਂ ਤੱਕ ਰੋਇਆ
ਆਪਣੇ ਆਪ 'ਚ ਹੌਲਾ ਹੋਇਆ
ਆਪਣੇ ਸਵੈ ਸੰਗ ਗਿਆ ਪਰੋਇਆ।
-0-
ਤੀਜੀ ਅੱਖ ਖੁੱਲ੍ਹੀ ਜਦ ਰੁੱਖ ਦੀ
ਅਕਾਸ਼, ਹਵਾ, ਅੱਗ, ਜਲ ਤੇ ਧਰਤੀ
ਕਿਉਂ ਅੰਦਰ ਹਨ
ਰੁੱਖ ਨੂੰ ਸਮਝੀਂ ਆਇਆ
ਆਪਣੀ ਹੋਂਦ ਜਿਉ ਕੇ ਰੁੱਖ ਨੇ
ਸਵੈ ਦੀ ਹੋਂਦ ਨੂੰ ਪਾਇਆ
ਸਵੈ ਨੂੰ ਜਿਉਂਦਾ ਜਿਉਂਦਾ ਰੁੱਖ
ਸਵੈ ਦੀ ਤ੍ਰਿਸ਼ਨਾ
ਦੇ ਦਰ ਅਪੜ ਆਇਆ
-0-
ਇਕ ਦਿਨ ਰੁੱਖ ਨੇ ਆਪਣੀ ਦੇਹ ਤੋਂ
ਜੜ੍ਹਾਂ, ਤਣਾ, ਛਿੱਲੜ, ਟਹਿਣੀਆਂ ਪੱਤੇ
ਬੀਜ ਫਲ ਸਭ ਉਤਾਰੇ
ਆਪਣੇ ਸਵੈ ਨਾਲ ਸਫ਼ਰ ਹੋ ਗਿਆ
ਆਪਣੇ ਸਵੈ ਸਹਾਰੇ
ਦੇਹ ਤੇ ਸਵੈ ਦਾ ਸਫ਼ਰ
ਰੁੱਖ ਦੇ ਮਸਤਕ ਦੇ ਵਿਚ ਪੁੱਗਾ
ਆਪਣੇ ਸਵੈ ਨਾਲ ਸਫ਼ਰ ਹੋਇਆ
ਤੇ ਜਾ ਜੰਗਲ ਵਿੱਚ ਉੱਗਾ।
-0-

ਜੰਗਲ ਦੇ ਵਿਚ ਉੱਗੇ ਰੁੱਖ ਦੀ ਚੇਤਨਤਾ ਜਾਗੀ
ਹੁਣ ਉਹ ਰੁੱਖ ਨਹੀਂ
ਜੰਗਲ ਹੋਇਆ ਹੈ, ਜੰਗਲ ਦਾ ਭਾਗੀ
ਇਕੱਲੇ ਤੋਂ ਸੰਗਤ ਹੋਇਆ
ਰੁੱਖ ਬੜਾ ਵਡਭਾਗੀ
ਆਪਣੀ ਹੋਂਦ 'ਚ
ਅਤੁੱਲ ਤੇ ਅਕਾਰ ਰਹਿਤ ਰੁੱਖ ਹੋਇਆ
ਉਸ ਦੀ ਦੇਹ 'ਚ
ਜੰਗਲੀ ਪਹਾੜ ਨਦੀਆਂ ਨਾਲੇ ਦਰਿਆ
ਪਸ਼ੂ ਪਖਸ਼ੀ
ਤੇ ਹਰਿਆਵਲ ਦਾ ਭੰਡਾਰ ਸਮੋਇਆ
ਮਾਨੋ ਸਾਰੀ ਕਾਇਨਾਤ
ਰੁੱਖ ਦੀ ਦੇਹ 'ਚ ਸਮਾ ਗਈ ਹੋਵੇ
ਰੁੱਖ ਦੇ ਪੱਤੇ ਪੱਤੇ 'ਤੇ
ਬਹਾਰ ਸੂਰਜਾਂ ਦੀ ਆ ਗਈ ਹੋਵੇ।
-0-

## ਕੌੜਾ ਸੱਚ

ਅੰਦਰਲੇ ਕੌੜੇ ਸੱਚ ਨੂੰ
ਚੌਕ 'ਚ ਉੱਗੇ ਥੰਭੇ ਦੇ ਨਾਲ ਟੰਗਦੇ
ਤੇ ਲੋਕਾਂ ਦੀਆਂ ਅੱਖਾਂ, ਜੀਭਾਂ
ਸੋਚਦੀ ਉਂਗਲੀ
ਪਲ ਦੋ ਪਲ ਲਈ ਲਗ ਜਾ
ਤੱਤੜੀ ਹਵਾ ਦਾ ਝੌਂਕਾ ਬਣ ਕੇ
ਠਰਦੀ ਭੀੜ 'ਚੋਂ ਵਗ ਜਾ

–0–

ਫਿਰ ਵੇਖੀਂ, ਤੇਰੇ ਆਸੇ ਪਾਸੇ
ਵਗਦੀਆਂ ਰਸਦੀਆਂ ਨਦੀਆਂ ਕਿੰਝ ਤਰਿਹਾਈਆਂ
ਕਣੀਓਂ ਖਾਲੀ ਬੱਦਲ ਦੇਣ
ਸਾਗਰ ਦੀਆਂ ਦੁਹਾਈਆਂ
ਤੇਰੇ ਜਿਸਮ ਦੇ ਪਸਰੇ ਥੱਲ ਵਿੱਚ
ਕੂੰਜਾਂ ਨਾਹਵਣ ਆਈਆਂ
ਸੰਗ ਜਿਨ੍ਹਾਂ ਦੀ ਪੌਣਾਂ ਵਰਗੀ
ਅਖੀਅਨ ਮੌਤ ਸਲਾਈਆਂ।

–0–

ਆਪਣੇ ਕੌੜੇ ਸੱਚ ਦੇ ਪਿੰਡੇ ਹੀ ਬ੍ਰਹਿਮੰਡ
ਧਰਤ, ਅਕਾਸ਼, ਆਖੰਡ
ਤੂੰ ਸਮੇਂ ਲਈ
ਸਮਾਂ ਤੇਰੇ ਲਈ ਪ੍ਰਚੰਡ
ਜੇ ਆਪਣੀ ਨਫ਼ਰਤ ਆਪਣਾ ਕੂੜਾ
ਆਪਣੇ ਪਿੰਡੇ ਜਰੀਏ
ਜ਼ਿੰਦਗੀ ਦੇ ਠਰਦੇ ਅੰਗੀਂ
ਅਰਥਾਂ ਵਰਗੇ ਮੱਘਦੇ ਸੂਰਜ ਧਰੀਏ।

–0–

ਇਕ ਪਲ ਸਮੇਂ ਦੀ ਅੱਖ ਦੇ ਵਿੱਚ ਗੁਆਚਾ
ਇਕ ਬੂੰਦ ਤ੍ਰਿਸ਼ਨਾ ਜਲ ਦੀ
ਭੂਤ ਭਵਿੱਖ 'ਚ ਗਿੜਦੇ ਲਹੂ ਦੀ
ਉਮਰਾ ਹੈ ਇਕ ਪਲ ਦੀ।
-0-
ਬੀਤ ਗਏ 'ਚ ਅੱਜ ਗੁਆਚਾ
ਅੱਜ ਨੂੰ ਕੱਲ੍ਹ ਦੀ ਨਹੀਂ ਪਹਿਚਾਣ
ਉਸਤਰਿਆਂ ਦੇ ਜੰਗਲ ਵਿੱਚ
ਕਿੰਝ ਬੱਚੇਦਾਨੀਆਂ ਸਿਰ ਉਠਾਣ
ਪਰਬਤ ਤੋਂ ਦਰਿਆ
ਦਰਿਆਉਂ ਸਾਗਰ
ਹਨ ਸੁਰਤੀ ਪੈਰੀਂ ਛਾਲੇ
ਮਾਰਗ ਮਾਰਗ।
-0-

## ਅੱਥਰੂ

ਅੱਖ 'ਚ ਆਇਆ ਅੱਥਰੂ
ਸਿਰਫ ਪਾਣੀ ਦੀ ਬੂੰਦ ਨਹੀਂ
ਸਗੋਂ ਦੇਹ ਦੀ ਸਮੂਹਿਕ
ਕਾਰਜ ਪ੍ਣਾਲੀ ਦਾ ਸਿਖਰ ਹੈ
ਦੇਹ 'ਤੇ ਲੱਗੇ ਚਿਹਰੇ 'ਤੇ
ਖੁਸ਼ੀ ਤੇ ਗ਼ਮੀ ਦਾ
ਲਿਖਿਆ ਇਤਿਹਾਸ ਹੈ।

-0-

ਅੱਖ 'ਚ ਆਇਆ ਅੱਥਰੂ
ਦੇਹ ਦੀ ਨਸ ਨਸ 'ਚ
ਗ਼ਮ ਦੇ ਹਨ੍ਹੇਰੇ ਦੀਆਂ
ਕਈ ਧਰਤੀਆਂ, ਕਈ ਅਕਾਸ਼ ਬੀਜਦਾ ਹੈ
ਸੈਂਕੜੇ ਸੂਰਜਾਂ ਦੀ ਰੌਸ਼ਨੀ
ਇਸ ਹਨ੍ਹੇਰੇ ਅੱਗੇ
ਇਕ ਸਿਫਰੇ ਤੋਂ ਸਿਵਾ ਕੁਝ ਨਹੀਂ।

-0-

ਅੱਖ 'ਚ ਆਇਆ ਅੱਥਰੂ
ਸਵੱਛ ਪਾਣੀਆਂ ਨੂੰ ਮੈਲਾ ਕਰਦਾ ਹੈ
ਦੇਹ 'ਚ ਹਾਦਸਿਆਂ ਦੇ ਜੰਗਲ 'ਚੋਂ
ਸਿਮਦੇ ਲਹੂ ਦਾ ਦਰਿਆ
ਇਕ ਕਤਰਾ ਹੋ ਅੱਖ 'ਚੋਂ ਡਿਗਦਾ ਹੈ
ਧਰਤੀ 'ਤੇ ਡਿੱਗਾ ਇਹ ਅੱਥਰੂ
ਸਾਰੀ ਕਾਇਨਾਤ 'ਚ ਉਦਾਸੀ ਘੋਲ ਦਿੰਦਾ ਹੈ
ਅੱਗ ਫੈਲ ਜਾਂਦੀ ਹੈ
ਹਰਿਆਵਲ ਰੋਲ ਦਿੰਦਾ ਹੈ।

-0-

ਕਾਲੀਆਂ ਸ਼ੂਕਦੀਆਂ ਅਮੁਕ ਰਾਤਾਂ ਨੂੰ
ਜਨਮ ਦਿੰਦਾ ਹੈ.
ਤਪਦੇ ਥਲ ਉਸਾਰਦਾ ਹੈ
ਜਿਥੇ ਮੌਤ
ਜ਼ਿੰਦਗੀ ਭਾਲਦੀ ਹੀ ਭਾਲਦੀ ਮੁਕ ਜਾਂਦੀ ਹੈ
ਜਿਥੇ ਜ਼ਿੰਦਗੀ
ਮੌਤ ਭਾਲ ਦੀ ਹੀ ਭਾਲਦੀ ਸੁੱਕ ਜਾਂਦੀ ਹੈ
ਸੁੱਕੇ ਪੱਤਰਾਂ ਦੀ ਤਰ੍ਹਾਂ
ਜਿਨ੍ਹਾਂ ਨੂੰ ਹੱਸ ਕੇ ਅੱਗ ਪੈਂਦੀ ਹੈ
ਅੱਖ 'ਚ ਅੱਥਰੂ ਸਦਕਾ
ਜ਼ਿੰਦਗੀ
ਮੌਤ ਦੀ ਖਾਮੋਸ਼ੀ ਤੋਂ ਵੀ ਸੰਘਣੇ
ਹਾਦਸੇ ਸਹਿੰਦੀ ਹੈ।
-0-
ਅੱਥਰੂ ਦਾ ਦਰਦ
ਦੇਹ 'ਚ ਧੜਕਦੇ ਦਿਲ ਨਾਲ ਹੈ ਮਨ ਨਾਲ ਹੈ
ਜਿਸ 'ਚ ਪਸਰੇ ਗ਼ਮਾਂ ਦੇ ਹਨ੍ਹੇਰੇ
ਜਦ ਉਬਲਦੇ ਹਨ
ਤਾਂ ਅੱਖਾਂ 'ਚੋਂ ਕਾਲੇ ਹਨ੍ਹੇਰੇ ਅੱਥਰੂਆਂ
ਦੀ ਬਰਸਾਤ ਲਗਦੀ ਹੈ
ਜ਼ਿੰਦਗੀ ਬੁਝਦੀ ਤੇ ਮੌਤ ਜਗਦੀ ਹੈ
ਜੋ ਸਿੰਜਦੀ ਹੈ ਸਾਰੀ ਪ੍ਰਕਿਰਤੀ ਨੂੰ
ਗ਼ਮਾਂ ਦੇ ਕਾਲੇ ਹਨ੍ਹੇਰੇ ਦੇ ਨਾਲ
ਜ਼ਿੰਦਗੀ ਨੂੰ ਹਨ੍ਹੇਰੇ ਤੋਂ ਸਿਵਾ ਕੁਝ ਨਜ਼ਰ ਨਹੀਂ ਆਉਂਦਾ
ਜ਼ਿੰਦਗੀ ਰੁਕ ਜਾਂਦੀ ਹੈ ਸੁੱਕ ਜਾਂਦੀ ਹੈ
ਮੁਕ ਜਾਂਦੀ ਹੈ।
-0-

ਅੱਖ 'ਚ ਆਇਆ ਅਥਰੂ
ਕਈ ਸੂਰਜਾਂ ਨੂੰ ਜਨਮ ਦਿੰਦਾ ਹੈ
ਮੌਸਮ ਬਦਲਦਾ ਹੈ
ਪੱਤਝੜ 'ਚੋਂ ਬਹਾਰਾਂ ਉਗਾਉਂਦਾ ਹੈ
ਕੋਇਲ ਦੇ ਕੰਠ 'ਚ ਜਿਉਂਦਾ ਹੈ
ਹੱਥਾਂ ਦੀਆਂ ਤਲੀਆਂ ਤੇ ਬਾਹਾਂ ਲਾਉਂਦਾ ਹੈ
ਦਿਸਹੱਦੇ ਨੂਰ ਸੰਗ ਭਰਦੇ ਨੇ
ਦਿਲ ਦੇ ਸਰੋਵਰ 'ਚ
ਚਿੱਟੇ ਕੰਵਲ ਤਰਦੇ ਨੇ।
-0-
ਅੱਖ 'ਚ ਅੱਥਰੂ
ਸਾਏ 'ਚੋਂ ਹਕੀਕਤ ਭਾਲਦਾ ਹੈ
ਆਪਣੀ ਦੇਹ ਦੀ ਸੀਮਾ ਤਿਆਗ
ਆਪਣੀ ਵਿਸ਼ਾਲਤਾ ਵਿਚ ਤੈਰਦਾ ਹੈ
ਭੁਲ ਕੇ ਆਪਣਾ ਆਪਾ
ਅਸੀਮ ਹੋ ਗੁਜ਼ਰਦਾ ਹੈ
ਖੁਸ਼ੀਆਂ ਦੇ ਸਮੁੰਦਰ ਰਿੜਕਦਾ ਹੈ
ਚਾਵਾਂ ਦੇ ਪਹਾੜ ਬੀਜਦਾ ਹੈ।
-0-

ਅੱਖ 'ਚ ਆਇਆ ਅਥਰੂ
ਹਾਸਿਆਂ ਦੀ ਬਰਸਾਤ ਲਾਉਂਦਾ ਹੈ
ਮਹਿਕਾਂ ਖਿਲਾਰਦਾ ਹੈ
ਕੁਲ ਬ੍ਰਹਿਮੰਡ
ਆਪਣੀ ਦੇਹ 'ਚ ਉਤਾਰਦਾ ਹੈ
ਥਲਾਂ ਦੇ ਥਲ ਠਾਰਦਾ ਹੈ
ਆਪਣੇ ਨਖਸ਼
ਆਪਣਾ ਚਿਹਰਾ ਹਵਾਵਾਂ 'ਚ ਖਿਲਾਰਦਾ ਹੈ
ਆਪਣੇ ਦੁਆਲੇ
ਆਪਣੇ ਵਾਂਗ ਹੀ ਫੈਲ ਜਾਂਦਾ ਹੈ
ਧਰਤ ਵਾਂਗ ਟਿਕ ਜਾਂਦਾ ਹੈ
ਅੰਬਰ ਵਾਂਗ ਠਹਿਰ ਜਾਂਦਾ ਹੈ
ਅੱਖ 'ਚ ਆਏ ਅੱਥਰੂ ਦੇ ਆਲਮ 'ਚ
ਗੁਆਚਾ ਆਦਮੀ
ਆਪਣਾ ਕਰਤਾ ਹੋ ਗੁਜ਼ਰਦਾ ਹੈ
ਆਪਣੀ ਪ੍ਰਕਿਰਤੀ ਸਿਰਜਦਾ ਹੈ
ਆਪਣੀ ਪੌਣ ਚਲਾਉਂਦਾ ਹੈ
ਆਪਣੇ ਜਲ ਨਹਾਉਂਦਾ ਹੈ
ਆਪਣੀ ਅੱਗ ਹੰਢਾਉਂਦਾ ਹੈ
ਸਿਰ 'ਤੇ ਅੰਬਰ ਪਹਿਨਦਾ ਹੈ
ਪੈਰਾਂ ਵਿੱਚ ਧਰਤ ਵਿਛਾਉਂਦਾ ਹੈ
ਇਸ ਅੱਥਰੂ ਦੇ ਆਲਮ 'ਚ
ਬੰਦਾ ਆਪਣਾ ਰੱਬ ਕਹਾਉਂਦਾ ਹੈ।
-0-

## ਸਵੈ-ਮੁਖਾਤਿਬ

ਤੂੰ ਮੈਨੂੰ ਜਦ ਵੀ ਮਿਲਿਆ ਹੈਂ
ਤੁਰਦੇ ਬੱਦਲਾਂ ਵਾਂਗੋ
ਘੁੰਮਦੇ ਆਸਮਾਂ ਦੀ ਤਰ੍ਹਾਂ
ਗਤੀਸ਼ੀਲ ਧਰਤੀ ਵਾਂਗ
ਅਤੇ ਦਿਨ ਦੀ ਮੁਸ਼ੱਕਤ ਪਿੱਛੋਂ
ਘਰ ਪਰਤੇ ਰੁੱਖਾਂ ਦੀ ਤਰ੍ਹਾਂ
-0-
ਮੈਂ ਤੈਨੂੰ
ਬਿੰਦੂ-ਦਰ-ਬਿੰਦੂ
ਕਿਰਨ-ਦਰ-ਕਿਰਨ
ਵੱਖ-ਵੱਖ ਕੋਣਾਂ ਤੋਂ ਵੇਖਿਆ ਹੈ
ਪਰ ਮੈਂ
ਤੇਰੇ ਵਾਂਗ ਸਮਾਂ ਨਹੀਂ ਹਾਂ ਮੇਰੇ ਯਾਰ
ਜੋ ਆਪਣੇ ਆਪ 'ਚੋਂ ਜਨਮਦਾ
ਤੇ ਕਦੀ ਨਾ ਮਰਦਾ
-0-
ਮੈਂ ਤਾਂ ਆਪਣੇ ਸਿਰਹਾਣੇ
ਸਾਹਾਂ ਦੀ ਪੰਡ ਰੱਖੀ
ਹੱਥਾਂ ਦੀਆਂ ਉਂਗਲਾਂ 'ਚੋਂ
ਉਮਰ ਕਿਰਦੀ ਵੇਖ ਰਿਹਾ ਹਾਂ
ਪੈਰਾਂ 'ਚੋਂ ਰਿਸਦੇ ਛਾਲਿਆਂ ਨੂੰ ਤੱਕ ਰਿਹਾ ਹਾਂ
ਜੋ ਮੇਰੇ ਟੁੱਟ ਰਹੇ ਸੰਸਾਰ ਦਾ ਭਵਿੱਖ
ਤੇ ਉਧੜਦੀ ਜਾ ਰਹੀ ਸੱਭਿਅਤਾ ਦਾ
ਮੁਕੱਦਰ ਵੀ ਹਨ, ਪ੍ਰਤੀਕ ਵੀ ਹਨ
ਕਦੀ ਆਪਣੇ ਹੀ ਜੰਡ ਹੇਠ
ਗੋਬਿੰਦ ਨਾਮ ਦੇ ਇਕ ਮਨੁੱਖ ਨੇ
ਯਾਰੜੇ ਦਾ ਸਾਨੂੰ ਸੱਥਰ ਚੰਗਾ
ਬੋਲ ਉਚਾਰਿਆ ਸੀ
ਆਪਣਾ ਤਪਦਾ ਹਿਰਦਾ ਠਾਰਿਆ ਸੀ।
-0-

ਮੈਂ ਤਾਂ ਬਿੰਦੂ ਤੋਂ ਅਬਿੰਦੂ ਹੋ ਗਿਆ ਹਾਂ
ਮੁਕਤੀ ਤੋਂ ਅਮੁਕਤੀ ਤੱਕ ਅੱਪੜ ਗਿਆ ਹਾਂ
ਰੋਜ਼ਾਨਾ ਜੀਵਨ ਦੀਆਂ ਜ਼ਿੰਮੇਵਾਰੀਆਂ
ਮੇਰੇ ਸੰਗ ਗਾਲ੍ਹਾਂ ਵਾਂਗ ਖਲੋਣੋ ਅੱਕ ਗਈਆਂ ਹਨ
ਤੁਰਦੀਆਂ ਤੁਰਦੀਆਂ ਥੱਕ ਗਈਆਂ ਹਨ।

–0–

ਮੈਂ ਆਪਣੇ ਆਪ ਤੋਂ
ਬਹੁਤ ਉਰਾਂਹ ਰਹਿ ਗਿਆ ਹਾਂ
ਜਾਂ
ਬਹੁਤ ਅੱਗੇ ਨਿਕਲ ਆਇਆ ਹਾਂ
ਤੂੰ ਹੀ ਦੱਸ
ਤੂੰ ਤਾਂ ਬੜਾ ਅਭਿਆਸੀ ਹੈ
ਜਲ ਥਲ 'ਤੇ ਤੁਰਨ ਦਾ
ਪੌਣਾਂ ਹਾਰੀ ਹੋਣ ਦਾ
ਤੇ ਕਦੀ ਕਦੀ ਆਪਣੇ ਆਪ 'ਚ ਉਤਰ ਜਾਣ ਦਾ
ਮੈਂ ਕੀ ਕਰਾਂ ?

–0–

## ਯੁੱਧ

ਉਹ ਜਦ ਚੰਨ ਭਾਲਣ ਨਿਕਲਿਆ
ਤਾਂ ਉਸ ਦੇ ਅੰਦਰ ਕਈ ਯੁੱਧ ਚਲ ਰਹੇ ਸਨ
ਆਪਣੇ ਆਪ, ਆਪਣੇ ਦੁਆਲੇ
ਆਪਣੇ ਅਰਥ, ਆਪਣੇ ਸ਼ਬਦ
ਆਪਣੇ ਜੀਵਨ, ਆਪਣੀ ਮੌਤ
ਜ਼ੀਵਨ ਦੇ ਪ੍ਰਯੋਜਨ ਪ੍ਰਤੀ ਯੁੱਧ
ਉਸ ਦੇ ਪੈਰਾਂ 'ਚ ਚੱਕਰ ਸੀ
ਮੱਥੇ 'ਚ ਹਨ੍ਹੇਰਾ ਸੀ
ਹਨ੍ਹੇਰਾ ਹੀ ਉਸ ਦਾ ਸਵੇਰਾ ਸੀ।

-0-

ਉਸ ਦੇ ਚਿਹਰੇ 'ਤੇ ਲਗੇ
ਟੱਕਾਂ ਦੇ ਨਿਸ਼ਾਨ
ਉਸ ਦੇ ਅੰਦਰ ਹੋ ਰਹੇ
ਹਰ ਇਕ ਯੁੱਧ ਦੇ ਪ੍ਰਤੀਕ ਸਨ।

-0-

ਚੰਨ ਦੀ ਭਾਲ 'ਚ
ਉਹ ਕਈ ਰਾਤਾਂ ਜਾਗਦਾ ਰਿਹਾ ਭੌਂਦਾ ਰਿਹਾ
ਦਿਸ਼ਾਵਾਂ 'ਚ ਗੁਆਚਾ ਰਿਹਾ
ਭੁੱਖਾ ਤੇ ਪਿਆਸਾ ਰਿਹਾ
ਪਰ ਚੰਨ ਕਿਥੇ ਸੀ?
ਚੰਨ ਤਾਂ ਅੰਦਰ ਚਲ ਰਹੇ ਯੁੱਧਾਂ
ਦੀ ਧੂੜ 'ਚ ਛੁਪ ਗਿਆ ਸੀ
ਘੋੜਿਆਂ ਦੀਆਂ ਟਾਪਾਂ ਥੱਲੇ ਆ ਗਿਆ ਸੀ
ਢਾਲਾਂ ਤੇ ਤਲਵਾਰਾਂ, ਲਾਸ਼ਾਂ ਦੇ ਢੇਰ . .
ਚੀਕ ਚਿਹਾੜਾ
ਉਸ ਦੀ ਧੁੰਨੀ ਤੋਂ ਮਸਤਕ ਤਕ ਗੂੰਜ ਰਹੇ ਸਨ
ਉਸ ਦਾ ਲਹੂ ਉਬਲ ਰਿਹਾ ਸੀ
ਸਰੀਰ ਤੰਦੂਰ ਹੋ ਗਿਆ ਸੀ
ਉਹ ਚੰਨ ਦੀ ਭਾਲ 'ਚ ਨਿਕਲਿਆ
ਆਪਣੇ ਆਪ-ਤੋਂ ਦੂਰ ਹੋ ਗਿਆ ਸੀ

ਉਹ ਆਪਣੇ ਆਪ 'ਚ ਸਾਰੇ ਦਾ ਸਾਰਾ
ਬਲ ਰਿਹਾ ਸੀ, ਸੜ ਰਿਹਾ ਸੀ
ਆਪਣੀ ਦੇਹ 'ਚੋਂ ਉੱਗੀ ਭਟਕਣ ਦਾ
ਸਾਗਰ ਤਰ ਰਿਹਾ ਸੀ
ਉਹ ਆਪਾ ਭਰਨ ਦੀ ਥਾਂ
ਖਾਲੀ ਕਰ ਰਿਹਾ ਸੀ
ਨਜ਼ਰ 'ਚ ਪਾਟੀਆਂ ਰਾਹਾਂ ਦਾ ਦਰਦ
ਆਪਣੇ ਮਸਤਕ 'ਚ ਜ਼ਰ ਰਿਹਾ ਸੀ
ਬਹਾਰਾਂ ਬੀਜਣ ਦੀ ਜਗ੍ਹਾ
ਆਪਣੀ ਤਲੀ 'ਤੇ ਪੱਤਝੜਾਂ ਧਰ ਰਿਹਾ ਸੀ
ਹਰਿਆਵਲ ਦੀ ਜਗ੍ਹਾ
ਔੜਾਂ ਵਿਸਥਾਰਦਾ ਹੀ ਜਾ ਰਿਹਾ ਸੀ
ਉਸ ਦੇ ਅੰਦਰ ਤੇ ਬਾਹਰ
ਅਸ਼ਾਂਤ ਸਹਿਰਾ ਪਸਰਦਾ ਹੀ ਜਾ ਰਿਹਾ ਸੀ
ਜਿਸ 'ਚ ਉਹ ਗੁਆਚਾ
ਆਪਣੀ ਪਿਆਸ ਲਈ ਜਲ ਭਾਲਦਾ ਸੀ
ਅਕਾਸ਼ ਦਾ ਚੰਨ
ਆਪਣੇ ਮਸਤਕ 'ਚ ਉਤਾਰਦਾਂ ਸੀ।
-0-
ਯੁੱਧ ਲੜਦੇ ਲੜਦੇ
ਉਸ ਦਾ ਸਰੀਰ ਪੁਰਜ਼ਾ ਪੁਰਜ਼ਾ ਹੋ ਗਿਆ
ਤੇ ਮੈਦਾਨੇ ਜੰਗ 'ਚ
ਉਸ ਦੇ ਹਰ ਪੁਰਜ਼ੇ 'ਚੋਂ
ਇਕ ਸਿਰ ਉੱਗ ਆਇਆ
ਸਿਰ ਉੱਗਦੇ ਹੀ
ਉਹ ਆਪਣੇ ਹੱਥਾਂ ਦਾ ਕਰਮ ਯੁੱਧ ਭੁਲ ਗਿਆ
ਉਸ ਦੀ ਦ੍ਰਿਸ਼ਟੀ 'ਚੋਂ ਭਟਕਣ ਦੀ ਥਾਂ ਅਭਟਕਣ ਜਨਮੀ
ਤੇ ਉਸ ਦੇ ਪੈਰਾਂ ਨੇ ਭਟਕਣ ਤਿਆਗ
ਆਪਣੇ ਦੁਆਲੇ
ਅਭਟਕਣ ਦਾ ਸਫਰ ਬੁਣਿਆ
ਉਸ ਦੇ ਜਿਸਮ 'ਤੇ ਚੇਤਨਾ ਨੇ ਯੁੱਧ ਕਰਮ ਤਿਆਗ

ਆਪਣੇ ਲਹੂ ਦੇ ਅਕਾਸ਼ 'ਚ
ਚੰਨ ਸਿਰਜਿਆ
ਜਿਸ ਦੀ ਠੰਡੀ ਚਾਂਨਣੀ
ਉਸ ਦੀ ਦੇਹ ਤੇ ਚੇਤਨਤਾ 'ਚ ਫੈਲ ਗਈ
ਉਸ ਦੇ ਅੰਦਰ ਬਲਦੇ
ਆਪਣੇ ਹੀ ਸਿਵੇ ਸੀਤ ਹੋ ਗਏ
ਉਸ ਦੇ ਚਿਹਰੇ ਉਸ ਦੇ ਹੀ ਦੁਸ਼ਮਣ
ਉਸ ਦੇ ਮੀਤ ਹੋ ਗਏ
ਉਸ ਪਾਟੀਆਂ ਦਿਸ਼ਾਵਾਂ 'ਚ
ਆਪਣਾ ਆਪਾ ਖਿਲਰਿਆ ਸੰਭਾਲਿਆ
ਮੈਦਾਨੇ ਜੰਗ 'ਚ ਉੱਗੇ ਸਿਰ ਸਮੇਟੇ
ਤੇ ਆਪਣੇ ਆਪ 'ਚ
ਉਨ੍ਹਾਂ ਦੀ ਚੇਤਨ ਹੋਂਦ ਨੂੰ ਢਾਲਿਆ।
-0-
ਉਹ ਨਾ ਹੁਣ ਚੰਨ ਭਾਲਦਾ
ਨਾ ਰਾਤਾਂ ਨੂੰ ਜਾਗਦਾ ਨਾ ਭੌਂਦਾ
ਸਗੋਂ ਆਪਣੇ ਆਪ 'ਚ ਬੈਠਾ
ਆਪਣੇ ਮਸਤਕ 'ਚੋਂ ਉੱਗਦੇ ਚੰਨ ਨੂੰ ਵੇਖ ਰਿਹਾ ਸੀ
ਹੁਣ ਉਹ
ਆਪਣੇ ਹਰ ਸੁਆਲ ਦਾ ਜੁਆਬ ਸੀ
ਉਹ ਕਦੀ
ਜੋ ਅੱਗ ਦਾ ਭਬੂਕਾ ਸੀ
ਵਗਦਾ ਦਰਿਆ ਤੇ
ਜੰਗਲ ਦੀ ਹਰਿਆਵਲ ਹੋ ਗਿਆ ਸੀ
ਧਰਤੀ ਦੀ ਮਹਿਕ ਹੋ ਗਿਆ ਸੀ
ਆਪਣੀ ਬੁੱਧੀ ਦੇ ਸਦਕਾ
ਸਾਰੇ ਦਾ ਸਾਰਾ ਸ਼ੁੱਧ ਹੋ ਗਿਆ ਸੀ
ਆਪਣੇ ਆਪ 'ਚ
ਭਟਕਣਾ ਤੋਂ ਬੁੱਧ ਹੋ ਗਿਆ ਸੀ।
-0-

## ਸੁਰਖੀਆਂ

ਮੈਂ ਹਾਜ਼ਰ ਹਾਂ, ਆਪਣੇ ਆਪ 'ਚ
ਉਹਦੇ 'ਚ ਜਿਹਨੂੰ ਸਿਰਜਦਾ ਹੀ ਸਿਰਜਦਾ
ਸਮੇਂ ਦੀ ਅੱਖ 'ਚ
ਇਤਿਹਾਸ ਦੇ ਵਰਕਿਆਂ 'ਚ
ਅੱਖਰ ਅੱਖਰ ਹੋ ਗੁਆਚ ਗਿਆ ਹਾਂ।
-0-
ਉਹ ਵੀ ਕੀ ਸੀ, ਆਪਣੀ ਹੀ ਸਿਧ ਪੁੱਠ
ਆਪਣਾ ਹੀ ਅੱਗਾ ਪਿੱਛਾ
ਜੋ ਆਪਣੀ ਭੱਠੀ 'ਚ
ਆਪਣੇ ਆਪ ਨੂੰ ਭੁੰਨਦਾ ਰਿਹਾ
ਬਾਲਣ ਵੀ ਆਪ, ਭਠਿਆਰਾ ਵੀ ਆਪ
ਸਾਲਮ ਸਬੂਤਾ
ਆਪਣੇ ਆਪ ਤੱਕ ਦਾ ਹੀ ਵਕਫਾ ਜਿਹਾ।
-0-
ਕੰਧਾਂ ਆਪਣੇ ਆਪ 'ਚ
ਉਸਰ ਤੇ ਭੁਰ ਰਹੀਆਂ ਹਨ
ਵਿਹੜੇ ਨਿਰੰਤਰ ਤੁਰ ਰਹੇ ਹਨ
ਵਿਹੜਿਆਂ ਤੋਂ ਵਿਹੜਿਆਂ ਵੱਲ
ਘੁੰਮ ਕੇ ਆ ਖਲੋਤਾ ਹੈ
ਸਮਾਂ ਚੌਹਾਰੇ 'ਚ
ਸੱਜੇ ਖੱਬੇ ਅੱਗੇ ਪਿੱਛੇ ਥਲੇ ਉੱਤੇ ਕੁਝ ਨਹੀਂ
ਬਸ ਸ਼ਬਦ 'ਚ ਅਰਥ ਦੀ
ਅਰਥ ਦੀ ਸ਼ਬਦ 'ਚ ਤਲਾਸ਼ ਖੜੀ ਹੈ
-0-
ਮੇਰੀ ਤਲਾਸ਼ ਦਾ ਹਿੱਸਾ
ਜ਼ੁਰਾਬਾਂ 'ਚ ਦੌੜਦਾ ਦੌੜਦਾ
ਕੈਪਸੂਲਾਂ 'ਚ ਜਿਉਂਦਾ ਜਿਉਂਦਾ
ਸੜਕਾਂ 'ਤੇ ਆਪਣੇ ਪਰਛਾਵੇਂ ਨੂੰ ਘਸੀਟਦਾ
ਮੇਰੇ ਮੱਥੇ 'ਚ ਜ਼ਖ਼ਮ ਵਾਂਗ ਰਿਸਿਆ ਹੈ
ਭਵਿੱਖ 'ਚ ਜਗਣ ਲਈ, ਪੌਣਾਂ 'ਚ ਵਗਣ ਲਈ।
-0-

ਦੇਹ ਦੇ ਜ਼ਖ਼ਮ
ਸਾਹਾਂ ਦੀ ਪ੍ਰਕਿਆ ਰਾਹੀਂ
ਕੱਚ ਚੱਬਦੇ ਜੰਗਲੀ ਵਿਚਰਦੇ
ਇਸ ਗਲੇ ਸੜੇ ਮਾਸ ਦੇ ਟੁਕੜੇ ਨੇ
ਨਾਸਾਂ ਤੋਂ ਧੁੰਨੀ ਤੱਕ
ਧੁੰਨੀ ਤੋਂ ਨਾਸਾਂ ਤੱਕ
ਹਵਾ ਸੰਗ ਸਿਉਣੇ ਸਿੱਖ ਲਏ ਨੇ।
-0-
ਅੱਖਾਂ ਖਿੜਕੀਆਂ
ਕੰਨ ਰੋਸ਼ਨਦਾਨ ਹੋ ਗਏ ਹਨ
ਜਿਸਮ ਦਾ ਬੂਹਾ
ਆਪਣੇ ਹੀ ਸਾਏ ਦੇ ਦਸਤਕ ਤੇ
ਕੂਇਆ ਨਹੀਂ, ਖੁੱਲ੍ਹਾ ਨਹੀਂ
ਬਸ ਭਿੜਿਆ ਰਿਹਾ।
-0-
ਸੜਕੋਂ ਅਗੇਰੇ ਦੌੜਦਾ ਕਦਮ
ਆਪਣਾ ਸਫ਼ਰ ਜਰਬਦਾ ਹੀ ਜਰਬਦਾ
ਆਪਣੀ ਮਨਫ਼ੀ ਹੇਠ ਆ ਗਿਆ ਹੈ
ਕੰਧਾਂ, ਖਿੜਕੀਆਂ, ਰੌਸ਼ਨਦਾਨ
ਅਤੇ ਵਿਹੜਿਆਂ ਦੀ ਭਾਸ਼ਾ ਭੁਲ ਗਿਆ ਹੈ।
-0-

# ਜ਼ਿੰਦਗੀ ਦੇ ਚਿਹਰੇ

ਜ਼ਿੰਦਗੀ ਪਧਰੀ
ਤੇ ਇੱਕ ਰੂਪ 'ਚ ਵਗਦੀ ਨਦੀ ਨਹੀਂ ਹੈ
ਜੋ ਆਪਣੇ ਕਿਨਾਰਿਆਂ 'ਚ ਬੱਝੀ
ਸਮੁੰਦਰ ਵਲ ਨੂੰ ਵਗ ਰਹੀ ਹੈ
ਤੁਰਦੀ ਲਗ ਰਹੀ ਹੈ।
-0-
ਨਦੀ ਜਿਵੇਂ ਪੱਥਰਾਂ ਪਹਾੜਾਂ ਨੂੰ ਚੀਰਦੀ
ਨਿਰੰਤਰ ਵਗਦੀ ਹੈ, ਰੁਕਦੀ ਨਹੀਂ
ਇਸੇ ਤਰ੍ਹਾਂ ਜ਼ਿੰਦਗੀ ਵੀ
ਇਕ ਨਿਰੰਤਰਤਾ ਹੈ, ਮੁਕਦੀ ਨਹੀਂ
-0-
ਦੁੱਖ-ਸੁੱਖ ਜੀਵਨ ਵੇਗ ਨੂੰ ਟੋਕ ਤਾਂ ਸਕਦੇ ਹਨ
ਰੋਕ ਨਹੀਂ ਸਕਦੇ
ਰੁਕੀ ਜ਼ਿੰਦਗੀ ਗੰਧਲੇ ਪਾਣੀ ਵਾਂਗ ਹੈ
ਜਿਸ 'ਚੋਂ ਕੋਈ ਮਨੁੱਖ ਚੂਲੀ ਨਹੀਂ ਭਰਦਾ
ਕੋਈ ਪੰਛੀ ਚੁੰਝ ਨਹੀਂ ਡਬੋਂਦਾ।
-0-
ਜਿਥੇ ਜ਼ਿੰਦਗੀ ਹਾਦਸਿਆਂ ਦਾ ਸਿਲਸਿਲਾ ਹੈ
ਉਥੇ ਸੁੱਖ ਸਾਗਰ ਵੀ ਹੈ
ਜ਼ਿੰਦਗੀ ਸਮੰਦਰ ਵੀ ਹੈ ਗਾਗਰ ਵੀ ਹੈ
ਢਲਦੀ ਸ਼ਾਮ ਵੀ ਹੈ
ਸੱਜਰੀ ਸਵੇਰ ਵੀ ਹੈ
ਚਾਨਣ ਦਾ ਦਾਵਾਨਲ ਵੀ ਹੈ, ਹਨ੍ਹੇਰ ਵੀ ਹੈ
ਹਵਾ ਦਾ ਵੇਗ ਵੀ ਹੈ
ਪਹਾੜਾਂ ਦਾ ਢੇਰ ਵੀ ਹੈ
ਨਦੀ ਦਾ ਵਗਦੇ ਰਹਿਣਾ ਹੀ ਨਦੀ ਦੀ ਹੋਂਦ ਹੈ
ਜ਼ਿੰਦਗੀ ਦੀ ਗਤੀਸ਼ੀਲਤਾ ਹੀ ਜ਼ਿੰਦਗੀ ਦੀ ਗੋਂਦ ਹੈ
ਜ਼ਿੰਦਗੀ ਸਹਿਰਾ ਵੀ ਹੈ
ਜੋ ਇਕ ਬੂੰਦ ਲਈ ਤਰਸਦਾ ਹੈ
ਆਪਣੀ ਕੁੱਖ 'ਚ ਛੁਪੀ ਹਰਿਆਵਲ ਜਨਮਣ ਲਈ

ਸਹਿਰਾ ਦਾ ਚਿਹਰਾ ਜਿੰਨਾ ਖੁਸ਼ਕ ਹੈ
ਓਨੀ ਹੀ ਪ੍ਰਬਲ ਇੱਛਾ ਤਰਲਤਾ ਦੀ
ਦੇਹ 'ਚ ਜਿਉਂਦਾ ਹੈ
ਇਹ ਤਰਲਤਾ ਦੀ ਇੱਛਾ ਹੀ
ਜ਼ਿੰਦਗੀ ਦੀ ਪ੍ਰਤੀਕ ਹੈ
ਸਹਿਰਾ ਦੀ ਖੁਸ਼ਕੀ ਹੀ
ਸਾਗਰ ਦਾ ਨਸੀਬ ਹੈ
ਖੁਸ਼ਕੀ ਜਿਉਂਦੀ ਤਰਲਤਾ
ਜ਼ਿੰਦਗੀ ਦੇ ਕਰੀਬ ਹੈ
ਸਹਿਰਾ ਦੇ ਜਿਸਮ 'ਚ ਜ਼ਿੰਦਗੀ
ਤਰਲਤਾ ਵਾਂਗ ਵਸਦੀ ਹੈ
ਗਲ ਤੱਕ ਭਰੇ ਸਾਗਰ ਦੀ ਤ੍ਰਿਸ਼ਨਾ ਨੂੰ
ਸਹਿਰਾ ਦਾ ਰਾਹ ਦੱਸਦੀ ਹੈ।
-0-
ਸਹਿਰਾ ਜਦ ਆਪਣੇ ਮੂੰਹ 'ਤੇ
ਛਾਏ ਬੱਦਲ ਵੇਖਦਾ ਹੈ
ਤਾਂ ਸਹਿਰਾ ਦੀ ਦੇਹ 'ਚੋਂ
ਜ਼ਿੰਦਗੀ ਫੁੱਟ ਫੁੱਟ ਕੇ ਪੈਂਦੀ ਹੈ
ਆਪਣੀਆਂ ਉੱਚੀਆਂ ਬਾਹਾਂ ਨਾਲ ਬੱਦਲ ਫੜਦੀ ਹੈ
ਤੇ ਤਪਦੇ ਸਹਿਰਾ ਦੇ ਮੂੰਹ 'ਤੇ ਨਿਚੋੜਦੀ ਹੈ
ਨੁਚੜੇ ਬੱਦਲਾਂ 'ਚੋਂ ਸਹਿਰਾ ਦੀ ਕੁੱਖ ਪੁੰਗਰਦੀ ਹੈ
ਜਿਸ 'ਚੋਂ ਜੰਗਲ ਦੀ ਹਰਿਆਵਲ ਜਨਮਦੀ ਹੈ
ਸਹਿਰਾ ਜਲ ਥਲ ਹੋ ਜਾਂਦਾ ਹੈ
ਜੀਵ ਜੰਤੂਆਂ ਤੇ ਪੰਛੀਆਂ ਦੇ ਗੀਤ ਗੂੰਜਦੇ ਹਨ
ਸਹਿਰਾ 'ਚੋਂ ਜ਼ਿੰਦਗੀ ਦਾ ਸ਼ੋਰ ਉੱਠਦਾ ਹੈ
ਸਹਿਰਾ ਦੇ ਖੁਸ਼ਕ ਪਿੰਡੋਂ 'ਚੋਂ
ਸਮੰਦਰ ਜਿਹਾ ਕੋਈ ਹੋਰ ਉੱਠਦਾ ਹੈ
ਜ਼ਿੰਦਗੀ ਗੂੰਜਦੀ ਹੈ ਬੋਲਦੀ ਹੈ
ਸਹਿਰਾ ਦੀ ਤਾਸੀਰ ਬਦਲਦੀ ਹੈ
ਸਹਿਰਾ ਦੇ ਸਾਹਾਂ 'ਚ ਵਸਦੀ ਜ਼ਿੰਦਗੀ
ਸਹਿਰਾ ਦੀ ਤਕਦੀਰ ਬਦਲਦੀ ਹੈ।
-0-

ਜ਼ਿੰਦਗੀ ਪਹਾੜਾਂ ਦੀ ਉਚਾਈ ਵੀ ਹੈ
ਗਹਿਰਾਈ ਵੀ ਹੈ
ਜੰਗਲ ਦੀ ਹਰਿਆਵਲ ਵੀ ਹੈ
ਸੰਘਣਾਈ ਵੀ ਹੈ
ਸਮੁੰਦਰ ਦਾ ਦਰਪਣ ਵੀ ਹੈ
ਡੂੰਘਿਆਈ ਵੀ ਹੈ
ਮੌਸਮ ਦਾ ਬਦਲਣ ਵੀ ਹੈ
ਰੁੱਤਾਂ ਦੀ ਰਹਿਨੁਮਾਈ ਵੀ ਹੈ।
-0-
ਬੀਜ 'ਚੋਂ ਰੁੱਖ ਦਾ ਉੱਗਣਾ
ਰੁੱਖ ਦਾ ਬੀਜ 'ਚ ਸਿਮਟਣਾ
ਜੜ੍ਹਾਂ, ਤਣਾਂ, ਛਿੱਲੜ, ਟਹਿਣੀਆਂ
ਪੱਤੇ, ਫੁੱਲ, ਫਲ
ਮੌਸਮ, ਬਹਾਰਾਂ, ਪੱਤਝੜਾਂ
ਸਭ ਜ਼ਿੰਦਗੀ ਦੀਆਂ ਦਿਸ਼ਾਵਾਂ ਹਨ
ਜ਼ਿੰਦਗੀ ਦੇ ਬੋਲ ਹਨ
ਜ਼ਿੰਦਗੀ ਦੇ ਵਿਹੜੇ ਜੋ ਸ਼ੂਕਦੀਆਂ ਹਵਾਵਾਂ ਹਨ।
-0-
ਜ਼ਿੰਦਗੀ ਪੱਥਰ ਵੀ ਹੈ
ਰਾਹ ਵੀ ਹੈ ਮੰਜ਼ਿਲ ਵੀ ਹੈ
ਪੈਰਾਂ ਦਾ ਸਫਰ ਹੈ
ਮੀਲ ਪੱਥਰ ਦੀ ਨਿਸ਼ਾਨ ਦੇਹੀ ਵੀ ਜ਼ਿੰਦਗੀ ਹੈ
ਜ਼ਿੰਦਗੀ ਜਦ ਆਪਣੀ ਬਾਹਾਂ ਖੋਲਦੀ ਹੈ
ਤਾਂ ਕਬਰਾਂ ਦੀ ਚੁੱਪ ਬੋਲਦੀ ਹੈ
ਕਬਰਾਂ ਦੀ ਉਦਾਸੀ 'ਚ ਖੁਸ਼ੀਆਂ ਘੋਲਦੀ ਹੈ
ਮੌਤ ਜਨਮਣ ਲਈ ਤਰਸਦੀ ਹੈ
ਜਿਉਂ ਸ਼ਹਿਰਾਂ ਦੀ ਵਿਸ਼ਾਲ ਹਿੱਕ 'ਤੇ
ਮੂੰਹ ਭਾਰ ਹੋ ਬੱਦਲੀ ਕੋਈ ਬਰਸਦੀ ਹੈ।
-0-

ਜ਼ਿੰਦਗੀ ਦਿਸਹੱਦੇ ਤੋਂ ਉਰ੍ਹਾਂ ਵੀ ਹੈ, ਪਾਰ ਵੀ ਹੈ
ਜ਼ਿੰਦਗੀ ਬ੍ਰਹਿਮੰਡ 'ਚ ਪਸਰੀ ਉਹ ਸੱਚਾਈ ਹੈ
ਜਿਸ ਕਰਕੇ ਖੁਦਾ ਹੈ, ਖੁਦਾਈ ਹੈ
ਜ਼ਿੰਦਗੀ ਸੂਰਜ ਦੀ ਉਹ ਕਿਰਨ ਹੈ
ਜੋ ਮੈਲੇ ਤੇ ਡਿੱਗ ਕੇ ਵੀ ਮੈਲੀ ਨਹੀਂ ਹੁੰਦੀ
ਜ਼ਿੰਦਗੀ ਸੱਚ ਤੇ ਸੱਚਾਈ ਦਾ ਸਾਗਰ ਹੈ
ਮਨੁੱਖ ਤਾਂ ਸਿਰਫ ਜ਼ਿੰਦਗੀ ਦੀ ਗਾਗਰ ਹੈ
ਜ਼ਿੰਦਗੀ ਸਾਗਰ ਦੇ ਅੰਦਰ ਵੀ ਹੈ ਬਾਹਰ ਵੀ ਹੈ
ਜ਼ਿੰਦਗੀ ਮਨੁੱਖ ਵੀ ਹੈ, ਸੰਸਾਰ ਵੀ ਹੈ।
–0–

## ਸੋਚ, ਕੈਨਵਸ ਤੇ ਰੰਗ

ਮੇਰੇ ਅੰਦਰ ਪਹਾੜ ਤੁਰਦਾ ਹੈ
ਰੁੱਖਾਂ ਦੀ ਭੀੜ 'ਚ ਪੌਣਾਂ ਦਾ ਸਾਹ ਘੁਟਦਾ ਹੈ
ਮੋਮ ਦੀ ਨਜ਼ਰ ਤੇ ਲੋਹੇ ਦਾ ਆਸਮਾਂ ਪਿਘਲਦਾ ਹੈ
ਟੁੱਟਦੇ ਤਾਰਿਆਂ 'ਚੋਂ ਲਹੂ ਦਾ ਇਕ ਸ਼ੋਰ ਉਠਦਾ ਹੈ
ਸੂਰਚ ਚੜ੍ਹੇ ਸੂਰਜ ਚੜ੍ਹੇ ਪੰਛੀਆਂ ਦਾ ਕੰਠ ਧੁਖਦਾ ਹੈ
-0-
ਜਲਹੀਣ ਸਾਗਰ
ਕਿਨਾਰੇ ਦਿਸ਼ਾਵਾਂ ਸਮਝ ਕੇ ਹੈ ਦੌੜਦਾ
ਅੱਗਾਂ ਲਿਤਾੜਦਾ ਹੋਇਆ
ਪਿੱਛਾ ਮੇਟਦਾ ਹੋਇਆ
ਥਲ ਜੰਮਣ ਲਈ ਥਲ ਸਮੇਟਦਾ ਹੋਇਆ
-0-
ਵੇਗ ਪੱਥਰ ਦੀ ਹੱਦ ਹੈ ਪੱਥਰ ਨਹੀਂ
ਪੱਥਰ ਹਮੇਸ਼ਾ ਵੇਗ ਗਰਭਤ ਹੈ
ਸਾਗਰ 'ਚ ਜਲ
ਜਲ ਦੇ ਪਿੰਡੇ 'ਚ ਪਰਬਤ ਹੈ
-0-
ਗਲ ਵਗਦੀ ਹਵਾ ਮਾਨਣ ਦੀ ਨਹੀਂ ਹਵਾ ਜਾਨਣ ਦੀ ਹੈ
ਗੱਲ ਸੂਰਜ, ਧਰਤੀ, ਅੰਬਰ ਤੇ ਸਮਾਂ ਵੇਖਣ ਦੀ ਨਹੀਂ ਸਿਰਜਣ ਦੀ ਹੈ
ਗੱਲ ਕਦਮ ਦਿਸ਼ਾ ਤੇ ਮੰਜ਼ਿਲ ਦੀ ਨਹੀਂ
ਚਾਨਣ ਦੀ ਹੈ ਸਵੈ ਜਾਨਣ ਦੀ ਹੈ
-0-
ਸੋਚ!
ਰੰਗਾਂ ਦੀ ਰੂਹ ਵੀ ਕੈਨਵਸ ਦੇ ਜਿਸਮ ਦਾਂ ਸੱਚ ਵੀ
ਆਦਿ ਵੀ ਅਖੀਰ ਵੀ
ਸ਼ਬਦ ਵੀ, ਅਰਥ ਵੀ, ਤਸਵੀਰ ਵੀ।
-0-

## ਸ਼ਬਦ

ਸ਼ਬਦ ਆਦਿ ਸੱਚ ਜੁਗਾਦਿ ਸੱਚ
ਸ਼ਬਦ
ਅਭੇਦੇ ਦੇ ਭੇਦ ਨੂੰ ਜਾਨਣ ਦਾ ਸ਼ਬਦ
ਭਾਸ਼ਾ ਤੋਂ ਪਹਿਲਾਂ
ਮਨੁੱਖ ਨੂੰ ਜਦੋਂ ਅਭੇਦੇ ਦਾ ਬੋਧ ਹੋਇਆ
ਕਈ ਸਦੀਆਂ ਇਸ ਬੋਧ ਨੂੰ ਜਿਉਂਦੇ ਮਨੁੱਖ ਨੇ
ਇਸ ਦੇ ਤੁਲ ਸ਼ਬਦ ਨੂੰ ਜਨਮ ਦਿੱਤਾ
ਸ਼ਬਦ ਜੋ ਇਸ ਬ੍ਰਹਿਮੰਡ ਦਾ ਮੂਲ ਹੈ
ਬ੍ਰਹਿਮੰਡਲ ਕਾਰਜ ਪ੍ਰਣਾਲੀ ਦਾ ਸੰਚਾਲਕ ਹੈ।
-0-
ਮਨੁੱਖਾਂ ਦੇਹੀ
ਇਸ ਸ਼ਬਦ ਦੀ ਪ੍ਰਯੋਗਸ਼ਾਲਾ ਹੈ
ਸੁਆਸਾਂ ਸੰਗੇ ਅਰਾਧਿਆਂ ਇਹ ਸ਼ਬਦ
ਆਪਣੇ ਅਰਥ ਦਾ ਭਾਵ
ਮਨੁੱਖ ਦੇ ਮੱਥੇ 'ਚ ਜਗਾਉਂਦਾ ਹੈ
ਮਨੁੱਖਾਂ ਦੇਹ ਵਿਚਲੇ ਹਨ੍ਹੇਰੇ 'ਚ
ਸੂਰਜਾਂ ਦੀ ਬਾਤ ਪਾਉਂਦਾ ਹੈ
ਮਨੁੱਖੀ ਚੇਤਨਤਾ ਨੂੰ ਉਸ ਦਾ ਸੱਚ ਵਿਖਾਉਂਦਾ ਹੈ
ਚੇਤਨਤਾ ਦੀ ਅੱਖ 'ਚ
ਆਪਣੀ ਅਸੀਮਤਾ, ਸੀਮਤਾ ਨੂੰ ਬੀਜਦਾ ਹੈ
ਵਿਸਥਾਰਦਾ ਹੈ
ਆਪਣਾ ਅਕੱਥ ਪਸਾਰ
ਚੇਤਨਾ ਦੀ ਨਜ਼ਰ 'ਚ ਉਤਾਰਦਾ ਹੈ
ਆਪਣੀ ਸਰਬ ਵਿਆਪਕਤਾ
ਬ੍ਰਹਮ ਅਤੇ ਬ੍ਰਹਿਮੰਡ ਦੇ ਅਕਾਰ ਨੂੰ ਪਸਾਰਦਾ ਹੈ
ਬੂੰਦ 'ਚ ਸਾਗਰ
ਸਾਗਰ 'ਚ ਬੂੰਦ ਉਤਾਰਦਾ ਹੈ

ਲੱਖਾਂ ਅਕਾਸ਼ਾਂ ਪਤਾਲਾਂ ਦਾ ਅਕਾਰ
ਇਹ ਸ਼ਬਦ
ਆਪਣੇ ਕੰਠ 'ਚ ਉਤਾਰਦਾ ਹੈ
ਅਕਾਰ ਰਹਿਤ ਇਹ ਸ਼ਬਦ
ਅਕਾਰ ਰਹਿਤ ਸਮਾਂ ਗੁਜ਼ਾਰਦਾ ਹੈ।
-0-
ਇਹ ਸ਼ਬਦ ਨਾਨਕ ਨੇ ਗਾਇਆ
ਸ਼ਬਦ ਨੂੰ ਹਿਰਦੇ 'ਚ ਵਸਾਇਆ
ਉਸ ਨੂਰ ਨੂੰ ਤੱਕਿਆ
ਜਿਸ ਨੂਰ ਨੇ
ਇਹ ਬ੍ਰਹਿਮੰਡ ਉਸਾਰਿਆ
ਉਸ ਨੂਰ ਦਾ ਚਾਨਣ
ਨਾਨਕ ਨੇ ਚੱਪੇ ਚੱਪੇ 'ਤੇ ਖਿਲਾਰਿਆ।
-0-
ਬੀਜਿਆ
ਇਹ ਸ਼ਬਦ ਧਰਤ ਦੇ ਜ਼ੱਰੇ ਜ਼ੱਰੇ 'ਚ।
ਇਸ ਸ਼ਬਦ ਨੇ
ਅਕਾਸ਼, ਹਵਾ, ਅੱਗ, ਜਲ, ਧਰਤ ਨੂੰ
ਬ੍ਰਹਿਮੰਡ 'ਚ ਉਤਾਰਿਆ
ਮਨੁੱਖ ਜਨਮਿਆਂ
ਪੰਜ-ਭੂਤੇ ਇਸ ਪੁਤਲੇ 'ਚ ਛੇਵਾਂ ਤੱਤ ਆਤਮਾ
(ਜੋ ਇਨ੍ਹਾਂ ਪੰਜਾਂ ਤੱਤਾਂ ਦੀ ਸੰਚਾਲਕ ਸ਼ਕਤੀ ਹੈ)
ਨੂੰ ਸਥਾਪਿਆ
ਇਹ ਆਤਮਾ ਜੀਵਨ ਦਾ ਮੂਲ ਹੈ
ਗਤੀ 'ਚ ਵੇਗ ਹੈ
ਸੂਰਜ ਦਾ ਤੇਜ ਹੈ, ਚੰਦਰਮਾ ਦੀ ਠੰਡਕ ਹੈ
ਧਰਤ ਦੀ ਸੁੰਗਧ ਹੈ
ਮਨੁੱਖ 'ਚ ਪ੍ਰਾਣ ਹੈ
ਮਨੁੱਖਾਂ ਦੇਹ ਦੀ ਉਪਾਦੀ ਰਹਿਤ
ਆਤਮਾ ਹੀ ਪਰਮਾਤਮਾ ਹੈ।
-0-

ਇਹ ਸ਼ਬਦ
ਕ੍ਰਿਸ਼ਨ, ਰਾਮ, ਬੁੱਧ ਨੇ ਗਾਇਆ
ਆਪਣੇ ਅੰਦਰੋਂ ਅਭੇਦੇ ਦੀ ਜੋਤ ਨੂੰ ਪਾਇਆ
ਜੋਤ ਜਿਉਂਦੇ ਜਿਉਂਦੇ ਜੋਤ ਹੋ ਗਏ
ਪਰਮ ਸੱਤ ਨੂੰ ਪਾਇਆ
ਆਪਣੇ ਅੰਦਰ ਕੁਲ ਬ੍ਰਹਿਮੰਡ ਉਤਾਰਿਆ
ਆਪਣੀ ਜੋਤ ਨੂੰ ਪਰਮ ਜੋਤ 'ਚ ਉਸਾਰਿਆ
ਦੇਹ ਦੀ ਇਸ ਪ੍ਰਯੋਗਸ਼ਾਲਾ 'ਚ
ਇੰਝ ਆਪਣੇ ਆਪ ਨੂੰ ਪ੍ਰਯੋਗਿਆ
ਸੱਚ ਹੋ ਗਏ, ਸ਼ੁੱਧ ਹੋ ਗਏ
ਰਾਮ, ਕ੍ਰਿਸ਼ਨ, ਬੁੱਧ ਆਪਣੀ ਦੇਹ 'ਚੋਂ ਉਠੇ
ਸਦਾ ਲਈ ਬੁੱਧ ਹੋ ਗਏ
ਸ਼ਬਦ ਜਪਦੇ ਜਪਦੇ ਸ਼ਬਦ ਦਾ ਰੂਪ ਹੋ ਗਏ
ਆਪਣੀ ਜੋਤ ਸੰਗ ਤੁਰੇ ਜੋਤ-ਸਰੂਪ ਹੋ ਗਏ
ਨਾਨਕ ਰਾਮ ਕ੍ਰਿਸ਼ਨ ਬੁੱਧ ਸ਼ਬਦ ਹੋ ਗਏ
ਸ਼ਬਦ ਭਾਵ ਹੋ ਗਏ
ਭਾਵ ਸੰਗ ਤੁਰੇ
ਆਪਣਾ ਖੁਦਾ ਆਪ ਹੋ ਗਏ।
-0-
ਅਸੀਂ ਸਭ ਜਿਉਂਦੇ ਜਾਗਦੇ
ਤੁਰਦੇ ਫਿਰਦੇ ਸ਼ਬਦ ਹੀ ਤਾਂ ਹਾਂ
ਜੋ ਆਪਣਾ ਅਰਥ ਜਾਣੇ ਬਿਨਾ
ਇਹ ਜੂਨ ਹੰਢਾ ਰਹੇ ਹਾਂ
ਆਪਣੇ ਅੰਦਰ ਰੋਜ਼ ਮਰ ਰਹੇ ਹਾਂ
ਰੋਜ਼ ਜੀਅ ਰਹੇ ਹਾਂ
ਨਾ ਅਸੀਂ ਆਰ ਦੇ ਹਾਂ ਨਾ ਪਾਰ ਦੇ ਹਾਂ
ਅਸੀਂ ਜਨਮ ਮਰਨ 'ਚ ਉਮਰ ਗੁਜ਼ਾਰਦੇ ਹਾਂ।
-0-

ਸ਼ਬਦ ਉਹ ਹੈ
ਜੋ ਹਰ ਪਲ ਆਪਣੇ ਅਰਥ ਨੂੰ ਜਿਉਂਦਾ ਹੈ
ਅਰਥ ਹਮੇਸ਼ਾ ਸੱਚ ਜਿਉਂਦਾ ਹੈ
ਸੱਚ ਤ੍ਰੈਕਾਲਕ ਹੁੰਦਿਆ ਹੋਇਆ ਵੀ ਅਮਰ ਹੈ
ਸਮੇਂ ਦੀ ਸੀਮਾ ਤੋਂ ਬਾਹਰ ਹੈ
ਅਰਥ ਉਸ ਸ਼ਬਦ ਦਾ ਪਸਾਰ ਹੈ
ਸ਼ਬਦ ਜੋ ਅਰਥ ਦੇ ਅੰਦਰ ਬਾਹਰ ਹੈ
ਸੱਚ ਸ਼ਬਦ ਤੇ ਅਰਥ ਦੇ ਵਿਚਕਾਰ ਹੈ
ਸੱਚ ਬ੍ਰਹਿਮੰਡ ਦਾ ਸਿਰਜਣਹਾਰ ਹੈ
ਸ਼ਬਦ ਹੀ ਸੱਚ ਹੈ
ਸੱਚ ਹੀ ਸ਼ਬਦ ਹੈ
ਸ਼ਬਦ ਆਦਿ ਜੁਗਾਦਿ ਸੱਚ ਹੈ।
-0-

# ਮੈਂ ਤੇ ਮੇਰੀ ਮਿੱਟੀ

ਧਰਤੀ ਮੁਸਕਰਾਉਂਦੀ ਹੈ
ਚੰਨ ਦਾ ਹੁੰਗਾਰਾ ਭਰਦੀ ਹੈ
ਸੂਰਜਾਂ ਦੀ ਬਾਤ ਪਾਉਂਦੀ ਹੈ
ਸੱਚ ਜਿਉਂਦੀ ਤੇ ਸੁਣਾਉਂਦੀ ਹੈ
ਹਵਾ ਦੀਵੇ ਜਗਾਉਂਦੀ ਹੈ
ਸਮੇਂ ਲਈ ਨੈਣ ਰਾਹਾਂ 'ਚ ਵਿਛਾਉਂਦੀ ਹੈ।

–0–

ਫੁੱਲਾਂ ਦੇ ਚੇਹਰੀਂ, ਕਲੀਆਂ ਦੇ ਨੈਣੀਂ
ਵੇਲਾਂ ਦੇ ਜੁੱਸੇ 'ਚ
ਲਹੂ ਖਿੜ ਖਿੜ ਕੇ ਹੱਸਿਆ ਹੈ
ਕੰਡਿਆਂ ਦੀ ਮਿੱਠੀ ਚੁਭਣ 'ਚ
ਆ ਕੌਣ ਵਸਿਆ ਹੈ?

–0–

ਪ੍ਰਕਿਰਤੀ ਮਟਕਦੀ ਹੈ
ਪਲਕਾਂ 'ਚੋਂ ਤਾਰੇ ਝਟਕਦੀ ਹੈ
ਰਾਤਾਂ ਦੇ ਸੀਨੇ ਦਿਨ ਉੱਗਦਾ ਆ ਰਿਹਾ ਹੈ
ਸੁਪਨਿਆਂ ਦਾ ਸੱਚ ਪੁੰਗਰਦਾ ਜਾ ਰਿਹਾ ਹੈ।

–0–

ਅਰਥ ਸ਼ਬਦ ਬੋਲ ਭਾਸ਼ਾ
ਚੁੱਪ ਚੀਕ ਨੱਚ ਰਹੇ ਹਨ
ਰਾਗ, ਰੰਗ, ਅਨਾਦ ਸਭੇ ਵਜ ਰਹੇ ਹਨ
ਅਹਿਸਾਸ 'ਚੋਂ
ਹੁਲਾਸ ਦਾ ਦਰਿਆ ਚੜ੍ਹਦਾ ਆ ਰਿਹਾ ਹੈ
ਦ੍ਰਿਸ਼ਟੀ ਵਿਹੜੇ
ਮਨੁੱਖਤਾ ਦਾ ਨੂਰ ਵਿਛਦਾ ਜਾ ਰਿਹਾ ਹੈ

–0–

ਸੁਰਖ ਸੂਰਜ ਸਿਰਾਂ 'ਤੇ
ਫੁਲਕਾਰੀਆਂ ਦਾ ਆਸਮਾਂ ਹੈ ਤਾਣਦਾ
ਬੀਜ ਦਾ ਨਖਸ਼ ਇਕ ਇਕ ਪੈਰ 'ਤੇ
ਧਰਤੀ ਦੀ ਕੁੱਖੇ ਪਲ ਰਹੇ ਅਸਮਾਨ ਦਾ।

–0–

## ਖੰਭਾਂ ਦਾ ਸਫ਼ਰ

ਅਸੀਂ ਉਹ ਪੰਛੀ ਹਾਂ
ਜੋ ਆਪਣੇ ਆਲ੍ਹਣੇ ਤਿਆਗ
ਪਰਦੇਸਾਂ 'ਚ ਆ ਵਸੇ
ਲਹੂ ਮਾਸ ਦੇ ਰਿਸ਼ਤੇ ਤਿਆਗ
ਆਪਣੀ ਹੀ ਉਸਾਰੀ ਕੈਦ 'ਚ ਆ ਵਸੇ।

-0-

ਜਿੱਥੇ ਨਾ ਆਪਣੇ
ਪਰ ਜ਼ੋਖਣ ਦੀ ਇਜਾਜ਼ਤ ਹੈ
ਨਾ ਆਪਣਾ ਪਰਵਾਜ਼ ਵੇਖਣ ਦਾ ਹੌਸਲਾ
ਪਾਣੀ ਦੇ ਰਿਸ਼ਤਿਆਂ 'ਚ ਘਿਰੇ
ਅਸੀਂ ਆਲ੍ਹਣੇ ਤੋਂ ਦੂਰ ਹੁੰਦੇ ਹੁੰਦੇ
ਆਪਣੇ ਆਪ ਤੋਂ ਵੀ ਦੂਰ ਹੋ ਗਏ
ਸਿਫ਼ਰਿਆਂ 'ਚ ਘਿਰੇ
ਨਾ ਬਿੰਦੂ ਬਣ ਸਕੇ ਨਾ ਦਾਇਰਾ
ਇਕ ਲੀਕ ਪਿੱਟਦੇ ਪਿੱਟਦੇ
ਬਸ ਇਕ ਗਤੀਹੀਣ ਲੀਕ ਹੋ ਕੇ ਰਹਿ ਗਏ।

-0-

ਜੋ ਧੁੰਨੀ ਦੀ ਕਸਤੂਰੀ
ਪਰਦੇਸਾਂ 'ਚ ਲੱਭਣੀ ਸੀ
ਤਾਂ ਆਪਣੇ ਆਲ੍ਹਣੇ 'ਚੋਂ ਕਿਉਂ ਨਹੀਂ ਲੱਭੀ?
ਆਪਣੀਆਂ ਹਵਾਵਾਂ ਨੂੰ ਕਿਉਂ ਨਹੀਂ ਜੀਵਿਆ?
ਆਪਣੇ ਜਲ ਨੂੰ ਕਿਉਂ ਨਹੀਂ ਪੀਤਾ?
ਆਪਣੀ ਅੱਗ ਨੂੰ ਕਿਉਂ ਨਹੀਂ ਸੇਕਿਆ?
ਆਪਣੇ ਅਕਾਸ਼ ਦੀ ਕਿਉਂ ਛਾਂ ਨਹੀਂ ਮਾਣੀ?
ਆਪਣੀ ਧਰਤੀ 'ਚ ਆਪਾ ਬੀਜ ਕੇ
ਕਿਉਂ ਰੁੱਖ ਬਣ ਕੇ ਨਹੀਂ ਉੱਗੇ?
ਬਹਾਰਾਂ ਨੂੰ ਫੁੱਲ ਫਲ ਦੇਣ ਲਈ
ਮੁਸਾਫਰਾਂ ਨੂੰ ਛਾਂ ਦੇਣ ਲਈ
ਅਸੀਂ ਆਪਣੇ ਸੱਚ ਦੁਆਲੇ
ਕੂੜ ਬੁਣਦੇ ਬੁਣਦੇ ਕੂੜ ਹੋ ਗਏ

ਅਸੀਂ ਆਪਣੇ ਦੁਆਲੇ
ਵਾਹੇ ਦਾਇਰਿਆਂ 'ਚ ਨੂੜ ਹੋ ਗਏ
ਸਾਡੇ ਹੁਣ ਦੇ
ਅੱਗੇ ਵੀ ਹਨ੍ਹੇਰਾ ਹੈ, ਪਿੱਛੇ ਵੀ ਹਨ੍ਹੇਰਾ ਹੈ
ਸਾਡੇ ਸਾਏ ਸਾਡੇ ਤੋਂ ਲੰਮੇਰੇ ਹੋ ਗਏ
ਗੂੰਗੀਆਂ ਸ਼ਾਮਾਂ ਤੇ ਬੋਲੇ ਸਵੇਰੇ ਹੋ ਗਏ।
-0-
ਸਾਡੀ ਗਰਭ ਦੀਆਂ ਆਂਦਰਾਂ
ਸਾਡੇ ਆਲ੍ਹਣਿਆਂ 'ਚੋਂ ਇਸ ਤਰ੍ਹਾਂ ਉੱਡੀਆਂ
ਕਿ ਮੁੜ ਘਰ ਨਹੀਂ ਪਰਤੀਆਂ
ਅਸੀਂ ਖੁੱਲ੍ਹੇ ਦਰੀ ਬਹਿ
ਉਹਨਾਂ ਦੇ ਨਾ ਪਰਤਣ ਦਾ ਅਫਸੋਸ ਕੀ ਕਰੀਏ
ਇਲਜ਼ਾਮ, ਆਪਣੀ ਗਰਭ ਜਾਂ ਆਂਦਰਾਂ 'ਤੇ ਧਰੀਏ
ਸਾਡੇ ਆਪਣੇ ਆਲ੍ਹਣਿਆਂ ਦੇ ਕੱਖ
ਸਾਡੀ ਉਡੀਕ 'ਚ ਖੁਲੇ ਦਰ ਛੱਡ
ਕਬਰੀ ਜਾ ਸੁੱਤੇ ਨੇ
ਕਦੋਂ ਜੁੜਦੇ ਨੇ ਪੱਤ ਟਹਿਣੀ ਦੇ ਨਾਲ
ਜੋ ਝੱੜੇ ਪੱਤਝੜ ਦੀ ਰੁੱਤੇ ਨੇ।
-0-
ਸਾਡੇ ਅੰਦਰ ਇੰਨਾ ਸ਼ੋਰ ਭਰ ਗਿਆ
ਕਿ ਸਾਨੂੰ ਆਪਣੀ ਹੀ ਅਵਾਜ਼ ਸੁਣਾਈ ਨਾ ਦਿੱਤੀ
ਇਕੱਲਤਾ ਫੈਲ ਗਈ ਸਾਡੇ ਦੁਆਲੇ ਇਸ ਤਰ੍ਹਾਂ
ਕਿ ਰੌਣਕ ਵਿਖਾਈ ਨਾ ਦਿੱਤੀ
ਸੂਰਜ ਦੀ ਕਿਰਨਾਂ ਸੂਰਜ ਛੁਪਣ ਪਿੱਛੋਂ
ਵਾਪਸ ਸੂਰਜ ਨੂੰ ਮੁੜ ਜਾਂਦੀਆਂ ਹਨ
ਸਾਡੇ ਜਿਸਮਾਂ 'ਚੋਂ ਜਨਮੇ ਰਾਹ ਤੇ ਦਿਸ਼ਾਵਾਂ
ਪਤਾ ਨਹੀਂ ਕਿਹੜੇ ਹਿਰਨਾਂ ਦੇ ਸਿੰਗੀਂ ਚੜ੍ਹ ਗਏ
ਕਿਹੜੀਆਂ ਪੌਣਾਂ ਨੂੰ ਸਮਰਪਿਤ ਹੋ ਗਏ
ਕਿ ਹੁਣ ਤਕ ਆਪਣੀ, ਦੇਹ ਦੇ ਦਰ ਤੱਕ ਨਹੀਂ ਪਹੁੰਚੇ
ਘਰ ਤੋਂ ਤੁਰੇ ਘਰ ਤਕ ਨਹੀਂ ਪਹੁੰਚੇ।
-0-

ਅਸੀਂ ਹੁਣ
ਖਾਮੋਸ਼ੀ ਪੀ ਰਹੇ ਹਾਂ, ਖਾਮੋਸ਼ੀ ਜੀ ਰਹੇ ਹਾਂ
ਖਾਮੋਸ਼ੀ ਖਾ ਰਹੇ ਹਾਂ, ਖਾਮੋਸ਼ੀ ਹੰਢਾ ਰਹੇ ਹਾਂ
ਖਾਮੋਸ਼ੀ ਫੈਲ ਗਈ ਹੈ ਇਸ ਕਦਰ ਅੰਦਰ ਤੇ ਬਾਹਰ
ਕਿ
ਕੋਇਲ ਦਾ ਕੰਠ ਫੁਲਦਾ ਹੈ ਅਵਾਜ਼ ਨਹੀਂ ਆਉਂਦੀ
ਸਮੰਦਰ 'ਚੋਂ ਲਹਿਰ ਉਠਦੀ ਹੈ ਸ਼ੋਰ ਨਹੀਂ ਹੁੰਦਾ
ਅੰਬਰ 'ਤੇ ਬਿਜਲੀ ਚਮਕਦੀ ਹੈ
ਸੁਣਾਈ ਨਹੀਂ ਦਿੰਦੀ
ਦਿਲ ਧੜਕਦਾ ਹੈ ਅਵਾਜ਼ ਨਹੀਂ ਆਉਂਦੀ
ਦਮ ਚਲਦੇ ਹਨ ਜ਼ਿੰਦਗੀ ਰਾਸ ਨਹੀਂ ਆਉਂਦੀ
ਖਾਮੋਸ਼ੀ ਫੈਲ ਗਈ ਹੈ ਇਸ ਕਦਰ
ਕਿ ਦੇਹ ਪੱਥਰ ਹੋ ਗਈ ਹੈ
ਰੂਹ 'ਚੋਂ ਬੋਲ ਦੀ ਸੁਰ ਗੁੰਮ ਗਈ ਹੈ
ਪੱਥਰਾਂ ਦੇ ਪਹਾੜੀ ਖੋ ਗਈ ਹੈ
ਖਾਮੋਸ਼ੀ ਜਿਉਂਦੀ ਜ਼ਿੰਦਗੀ
ਹੀ ਖਾਮੋਸ਼ੀ ਹੋ ਗਈ ਹੈ।

–0–

# ਰਾਤ ਦੇ ਮੱਥੇ ਦਾ ਦੀਵਾ

ਪਾਣੀ, ਸਮੇਂ ਤੋਂ ਅੱਗੇ ਦੀ ਸੋਚ
ਆਸਮਾਂ ਮਿੱਟੀ 'ਚ ਧੋਚ
ਪੱਥਰ ਦਾ ਸੀਨਾ ਪਾੜ ਕੇ ਨਿਕਲੇ
ਸੂਰਜ ਰਾਤ ਦੇ ਵਿਹੜੇ
ਕਿਰਨਾਂ ਪਿਆ ਬੀਜੇ, ਚਾਨਣ ਪਿਆ ਛਿੜਕੇ।
–0–
ਆਪ ਸਿਰਜੇ ਭਵਿੱਖ 'ਚ
ਹੈ ਵਰਤਮਾਨ ਭੁਰ ਰਿਹਾ
ਬੀਤੇ ਦੀ ਹਿੱਕ 'ਤੇ ਉਕੱਰਿਆ
ਜ਼ਿੰਦਗੀ ਦਾ ਹਰ ਨਕਸ਼ ਹੀ ਮਿਟ ਰਿਹਾ।
–0–
ਸਮਾਂ ਮਨੁੱਖ ਦੇ ਸਿਰ ਤੋਂ
ਬਿਨ ਵਸੇ ਬੱਦਲ ਦੀ ਤਰ੍ਹਾਂ ਹੈ ਗੁਜ਼ਰਦਾ
ਏਕਿਆਂ ਦੇ ਸ਼ੋਰ 'ਚ
ਗੁੰਮ ਗਿਆ ਵਜੂਦ ਸਿਫ਼ਰ ਦਾ।
–0–
ਗਮਲਿਆਂ 'ਚ ਉੱਗੀ ਜ਼ਿੰਦਗੀ
ਮਨੁੱਖ ਦਾ ਵਿਸਥਾਰ ਹੈ
ਪੱਤ–ਵਿਹੂਣੇ ਰੁਖੀਂ ਅਗਨ ਆਲ੍ਹਣੇ
ਛਾਂ ਚਬਦੀ ਮੌਤ
ਇਸ ਪਾਰ ਤੋਂ ਉਸ ਪਾਰ ਹੈ
–0–
ਧਰਤੀ, ਆਪਣੀ ਮਹਿਕ ਤੋਂ ਜਾਗੇ
ਭੀੜ, ਆਪਣੇ ਵਜੂਦ ਨੂੰ
ਆਪਣੀ ਲੋਅ 'ਚੋਂ ਜਾਣੇ
ਮਸਤਕ, ਅੰਦਰਲੇ ਚਾਨਣ ਤੋਂ ਜਗੇ
ਸੀਤ–ਬੁੱਧ, ਜਿਸਮਾਂ ਦੇ ਸੜਦੇ ਥਲੀਂ ਵਗੇ
ਹਨ੍ਹੇਰੇ ਦੇ ਹਾਣ ਦਾ
ਰਾਤ ਦੇ ਮੱਥੇ ਦੀਵਾ ਕੋਈ ਜਗੇ।
–0–

## ਜ਼ਿੰਦਗੀ ਤੇ ਮੌਤ

ਜ਼ਿੰਦਗੀ ਮੌਤ ਤੋਂ ਪਹਿਲਾਂ ਵੀ ਹੈ ਮਗਰੋਂ ਵੀ ਹੈ
ਮੌਤ ਤੋਂ ਪਹਿਲਾਂ ਜ਼ਿੰਦਗੀ ਮਨੁੱਖਾਂ ਦੇਹ 'ਚ ਹੈ
ਮੌਤ ਪਿੱਛੋਂ ਜ਼ਿੰਦਗੀ ਆਤਮਾ ਦੇ ਸੱਚ 'ਚ ਹੈ
ਆਦਮੀ ਇਕ ਵਾਰ ਜਨਮਦਾ ਹੈ
ਤਾਂ ਕਦੀ ਨਹੀਂ ਮਰਦਾ
ਮਰਦਾ ਹੈ ਸਿਰਫ ਜਿਸਮ
ਜਿਸਮ ਦੀ ਸੰਚਾਲਕ ਸ਼ਕਤੀ
ਆਤਮਾ ਕਦੀ ਨਹੀਂ ਮਰਦੀ
ਜੋ ਮੌਤ ਦੇ ਵੱਸ ਤੋਂ ਬਾਹਰ ਹੈ
ਜ਼ਿੰਦਗੀ ਦੇ ਮੱਥੇ 'ਚ ਜਗਦੀ ਸਦਾਬਹਾਰ ਹੈ
–0–
ਜ਼ਿੰਦਗੀ ਮੋਰ ਦੇ ਪੈਰਾਂ 'ਚ ਨੱਚਦੀ ਹੈ
ਅਕਾਸ਼ ਤੇ ਆਪ ਮੁਹਾਰੇ ਬੱਦਲ ਬਣ ਆਉਂਦੇ ਹਨ
ਹਵਾ ਆਪਣੀ ਸ਼ੀਤਲਤਾ ਪ੍ਰਕਿਰਤੀ 'ਚ ਬਖੇਰਦੀ ਹੈ
ਧਰਤੀ ਆਪਣੇ ਦੁਆਲੇ ਸੁਗੰਧ ਉੜਦੀ ਹੈ
ਬਹਾਰਾਂ ਵਾਕ ਲੈਂਦੀਆਂ ਹਨ
ਮੌਸਮ ਸ਼ਬਦ ਉਚਾਰਦਾ ਹੈ
ਸ਼ਬਦ ਅਰਥ 'ਚ ਘੁਲਦਾ ਹੈ
ਅਰਥ ਸ਼ਬਦ 'ਚ ਘੁਲਦਾ ਹੈ
ਸੱਚ ਮੌਲਦਾ ਹੈ
ਆਦਮੀ ਦੇ ਜਿਸਮ ਤੋਂ ਰੂਹ ਤੱਕ
ਜ਼ਿੰਦਗੀ ਪੈਰਾਂ ਦੀ ਝਾਂਜਰ ਛਣਕਾਉਂਦੀ ਹੋਈ
ਕਦੀ ਸਮੰਦਰ 'ਤੇ ਤੁਰਦੀ ਹੈ
ਕਦੀ ਅੰਬਰ 'ਚ ਉਡਦੀ ਹੈ
ਤੇ ਨਜ਼ਰ ਤੋਂ
ਨਜ਼ਰ ਦੇ ਦਿਸਹੱਦੇ ਤੱਕ ਫੈਲ ਜਾਂਦੀ ਹੈ।
–0–

ਜ਼ਿੰਦਗੀ ਜੰਗਲ ਦੀ ਹਰਿਆਵਲ ਵੀ ਹੈ
ਸਮੰਦਰ ਦੀ ਗਹਿਰਾਈ ਵੀ ਹੈ
ਅਕਾਸ਼ ਦੀ ਉਚਾਈ
ਧਰਤ ਦੀ ਡੂੰਘਾਈ ਵੀ ਹੈ
ਹਵਾ ਦੀ ਗਤੀ ਹੈ, ਅੱਗ ਦਾ ਨਿੱਘ ਹੈ
ਜਲ ਦੀ ਸ਼ੀਤਲਤਾ ਹੈ
ਆਦਮੀ ਦੀ ਰੂਹ ਦੀ ਰੁਸ਼ਨਾਈ ਹੈ
ਜ਼ਿੰਦਗੀ ਵਗਦੀ ਨਦੀ ਦਾ ਵੇਗ ਹੈ
ਜੋ ਆਪਣੀ ਦੇਹ 'ਚ ਦੁਨੀਆਂ ਵਸਾਈ ਵਗਦੀ ਹੈ
ਜ਼ਿੰਦਗੀ
ਦਰਿਆ, ਪਹਾੜਾਂ, ਚੰਨ, ਸੂਰਜਾਂ, ਸਿਤਾਰਿਆਂ 'ਚ
ਚਾਨਣ ਵਾਂਗ ਚੜ੍ਹਦੀ ਹੈ
ਲੋਅ ਵਾਂਗ ਤੁਰਦੀ ਹੈ, ਲੋਅ ਵਾਂਗ ਜਗਦੀ ਹੈ
ਜ਼ਿੰਦਗੀ ਸਦਕਾ
ਮਨੁੱਖ ਆਪਣੇਂ ਆਪ ਨੂੰ ਸਮਰਪਿਤ ਹੈ
ਜ਼ਿੰਦਗੀ ਜ਼ੱਰ੍ਹਾ ਵੀ ਹੈ, ਜ਼ਿੰਦਗੀ ਪਰਬਤ ਵੀ ਹੈ
-0-
ਜ਼ਿੰਦਗੀ ਬੀਜ 'ਚੋਂ ਰੁੱਖ ਵਾਂਗ ਉੱਗਦੀ ਹੈ
ਮਨੁੱਖਤਾ ਦੇ ਵਿਹੜੇ
ਜ਼ਿੰਦਗੀ ਮਨੁੱਖ ਵਾਂਗ ਪੁੱਗਦੀ ਹੈ
ਜ਼ਿੰਦਗੀ ਆਪਣੇ ਸਾਏ ਨਾਲ ਤੁਰਨ ਦਾ ਸਫਰ ਹੈ
ਜ਼ਿੰਦਗੀ ਪੈਂਤੀ ਅੱਖਰੀ ਦਾ ਇੱਕੋ ਹਰਫ ਹੈ
ਜਿਸ 'ਚੋਂ ਅਕਾਸ਼ ਜਨਮੇ
ਧਰਤੀਆਂ ਜਨਮੀਆਂ
ਜ਼ਿੰਦਗੀ ਹਵਾ ਸਿਰਜਦੀ ਹੈ
ਜਲ ਸਿਰਜਦੀ ਹੈ
ਨਿੱਘ ਸਿਰਜਦੀ ਹੈ
ਸਮਾਂ ਸਿਰਜਦੀ ਹੈ, ਪਲ ਪਲ ਸਿਰਜਦੀ ਹੈ।
-0-

ਜ਼ਿੰਦਗੀ ਬਹਾਰਾਂ ਦਾ ਆਗਮਨ ਹੈ
ਮੌਸਮ ਦੀ ਤਬਦੀਲੀ ਹੈ
ਬੱਦਲਾਂ 'ਚੋਂ ਬੂੰਦਾਂ ਦਾ ਕਿਰਨਾ ਹੈ
ਰੁੱਖਾਂ 'ਚੋਂ ਕਰੂੰਬਲਾਂ ਦਾ ਫੁੱਟਣਾ ਹੈ
ਅੰਬਰ 'ਤੇ ਬਿਜਲੀ ਦਾ ਚਮਕਣਾ ਹੈ
ਕਲੀਆਂ ਦਾ ਮਟਕਣਾ ਹੈ
ਫੁੱਲਾਂ ਦਾ ਖਿੜਨਾ ਹੈ
ਦਿਸਹੱਦੇ ਤੇ ਅਕਾਸ਼ ਤੇ ਧਰਤ ਦਾ ਮਿਲਣਾ ਹੈ।
-0-
ਜ਼ਿੰਦਗੀ ਸੁਆਸਾਂ 'ਚੋਂ ਉੱਗਦੀ ਹੈ
ਸੁਆਸਾਂ 'ਤੇ ਮੁਕਦੀ ਹੈ
ਮੌਤ ਮੌਤ 'ਚੋਂ ਉੱਗਦੀ ਹੈ
ਮੌਤ 'ਤੇ ਮੁਕਦੀ ਹੈ
ਮੌਤ ਸ਼ੂਨਯ ਹੈ
ਜਿਸ 'ਚੋਂ ਜ਼ਿੰਦਗੀ ਮਨਫੀ ਹੈ
ਮੌਤ ਦੀਵੇ ਥੱਲੇ ਦਾ ਹਨੇਰ ਹੈ
ਮੌਤ ਦਾ ਦਿਨ, ਮੌਤ ਦੀ ਨਾ ਰਾਤ
ਮੌਤ ਦੀ ਨਾ ਸ਼ਾਮ, ਨਾ ਕੋਈ ਸਵੇਰ ਹੈ
ਮੌਤ ਇਕ ਅਮੁਕ ਹਨੇਰ ਹੈ
ਇਕ ਚੁੱਪ ਹੈ
ਜਿਸ ਦੀ ਰੂਹ ਆਪਣੇ ਬੋਲ ਦੀ ਸੁਰ ਭੁੱਲ ਜਾਂਦੀ ਹੈ
ਜ਼ਿੰਦਗੀ
ਮੌਤ-ਬਿੰਦੂ ਤਿਆਗ
ਅਗੇਰੇ ਦਾਇਰਿਆਂ ਵਲ ਤੁਰ ਜਾਂਦੀ ਹੈ।
-0-

ਮੌਤ ਇਕ ਇਕੱਲਤਾ ਹੈ
ਜੋ ਆਪਣੇ ਵਿਚ ਤੇ ਦੁਆਲੇ ਫੈਲ ਜਾਂਦੀ ਹੈ
ਮੌਤ ਨੀਂਦਰ ਨਹੀਂ
ਕਿਉਂ ਕਿ ਨੀਂਦਰ ਦੇ ਆਦਿ ਤੇ ਅੰਤ ਵਿਚ ਜ਼ਿੰਦਗੀ ਹੈ
ਨੀਂਦਰ ਜ਼ਿੰਦਗੀ ਦਾ ਹਿੱਸਾ ਹੈ
ਮੌਤ ਦਾ ਹਿੱਸਾ ਜ਼ਿੰਦਗੀ ਨਹੀਂ ਹੈ
ਇਸ ਲਈ ਮੌਤ 'ਚੋਂ ਨੀਂਦਰ ਮਨਫ਼ੀ ਹੈ।
-0-
ਮੌਤ ਗਤੀ ਰਹਿਤ ਸੰਨਾਟਾ ਹੈ
ਜੋ ਦੇਹ 'ਚ ਅਤੇ ਦੇਹ ਦੁਆਲੇ ਫੈਲ ਜਾਂਦਾ ਹੈ
ਜ਼ੁਬਾਨ ਗੂੰਗੀ ਹੋ ਜਾਂਦੀ ਹੈ
ਅੱਖਾਂ ਪੱਥਰਾ ਜਾਂਦੀਆਂ ਹਨ
ਨਾ ਸ਼ੋਰ ਹੈ, ਨਾ ਚੁੱਪ ਹੈ
ਨਾ ਇਕੱਲਤਾ ਹੈ, ਨਾ ਰੌਣਕ ਹੈ, ਨਾ ਪ੍ਰਾਣ ਹੈ
ਬਸ ਜ਼ਿੰਦਗੀ ਦਾ ਦੂਸਰਾ ਪਾਸਾ ਹੈ
ਜੋ ਸਫੈਦ ਨਹੀਂ ਸ਼ਾਹ ਕਾਲਾ ਹੈ
ਕਾਲਾ ਹੀ ਜਿਸ ਦਾ ਉਜਾਲਾ ਹੈ।
-0-
ਮੌਤ ਦੇ ਅਵਜੂਦ 'ਚ
ਨਾ ਅਕਾਸ਼, ਨਾ ਧਰਤ, ਨਾ ਹਵਾ
ਨਾ ਅੱਗ, ਨਾ ਜਲ ਹੈ
ਇਕ ਖਾਲਸ ਅਗਤੀ ਹੈ
ਜੋ ਬਾਂਝ ਗਤੀ ਦੀ ਕੁੱਖ 'ਚੋਂ ਜਨਮੀ
ਤੇ ਅਗਤੀਆਂ ਹੀ ਜਨਮਦੀ ਚਲੀ ਗਈ
ਆਦਿ ਤੋਂ ਅੰਤ ਤੱਕ
ਜਿਸ ਦਾ ਨਾਂਅ ਮੌਤ ਹੈ।
-0-

ਮੌਤ ਤੋਂ ਜ਼ਿੰਦਗੀ ਭੈ ਮਹਿਸੂਸ ਕਰਦੀ ਹੈ
ਕਿਉਂ ਕਿ ਮੌਤ ਅਚਲ ਹੈ
ਜ਼ਿੰਦਗੀ ਚਲ ਹੈ
ਜ਼ਿੰਦਗੀ ਦਾ ਸੁਭਾਅ ਅਚਲ ਨਹੀਂ
ਨਿਰੰਤਰਤਾ ਹੈ
ਇਸ ਲਈ ਜ਼ਿੰਦਗੀ
ਮੌਤ ਦੀ ਅਚਲਤਾ ਤੋਂ ਡਰਦੀ ਹੈ
ਆਪਣੀ ਨਿਰੰਤਰਤਾ 'ਚ ਵਗਦੀ ਹੈ
ਮੌਤ ਆਪਣੇ ਆਪ 'ਚ ਭੈ ਰਹਿਤ ਹੈ
ਜਨਮ ਰਹਿਤ ਹੈ ਮਰਨ ਸਾਰ ਹੈ।
-0-
ਜ਼ਿੰਦਗੀ ਦੇ ਜਨਮ ਨਾਲ ਹੀ
ਮੌਤ ਦੀ ਨਿਸ਼ਚਤਾ ਜਨਮਦੀ ਹੈ, ਮੌਤ ਨਹੀਂ
ਜ਼ਿੰਦਗੀ ਮੌਤ ਦੀ ਨਿਸ਼ਚਤਾ ਸਾਵੇਂ ਅਸਮਰਥ ਹੈ
ਮੌਤ ਦੇ ਇਸ ਪੜਾਅ ਨੂੰ
ਜ਼ਿੰਦਗੀ ਆਪਣੀ ਦੇਹ ਦੇ ਵਜੂਦ ਸੰਗ
ਪਾਰ ਨਹੀਂ ਕਰ ਸਕਦੀ
ਮੌਤ ਦੇ ਇਸ ਪੜਾਅ 'ਚੋਂ ਲੰਘਣ ਲਈ
ਜ਼ਿੰਦਗੀ ਆਪਣੀ ਦੇਹ ਤਿਆਗਦੀ ਹੈ
ਅਤੇ ਆਪਣੇ ਸਵੈ ਸੰਗ
ਮੌਤ ਤੋਂ ਪਿਛਲੇਰਾ ਆਤਮਿਕ ਸਫ਼ਰ ਗੁਜ਼ਾਰਦੀ ਹੈ।
-0-
ਜ਼ਿੰਦਗੀ ਮੌਤ ਤੋਂ ਪਹਿਲਾਂ ਵੀ ਸੀ
ਮਗਰੋਂ ਵੀ ਹੈ
ਮੌਤ ਤੋਂ ਪਹਿਲਾਂ ਜ਼ਿੰਦਗੀ ਸਰੀਰਕ ਦੇਹ 'ਚ ਹੈ
ਮੌਤ ਪਿੱਛੋਂ
ਜ਼ਿੰਦਗੀ ਆਤਮਾ ਦੇ ਸੱਚ 'ਚ ਹੈ।
-0-

## ਬੀਤੇ ਦੀ ਮਿੱਟੀ

ਆਪਣੇ ਆਪ ਨੂੰ
ਤਵੇ 'ਤੇ ਰੋਟੀ ਵਾਂਗੂ ਥੁਲਿਆ
ਮਨ ਦੇ ਸੱਚ
ਤੇ ਆਪਣੇ ਤਨ ਦੀ ਮਹਿਕ ਜਿਊੜੇ ਪੀਤੀ
ਜ਼ਖ਼ਮਾਂ 'ਚੋਂ ਚਾਨਣ ਰਿਸਿਆ
ਪਰਤੀ ਉਮਰਾ ਬੀਤੀ।
-0-
ਮੇਰੇ ਬੀਤੇ ਦੀ ਮਿੱਟੀ 'ਚੋਂ
ਸਮੇਂ ਦਾ ਸੂਰਜ ਚੜ੍ਹਿਆ
ਮੇਰੇ ਪੈਰਾਂ ਦੀ ਧਰਤੀ ਨੇ ਮੁੱਠ 'ਚ ਅੰਬਰ ਫੜਿਆ
ਬੂੰਦ 'ਚ ਸਾਗਰ ਰਲਿਆ
ਹਵਾ ਹੁੰਗਾਰਾ ਭਰਿਆ।
-0-
ਆਪਣੀ ਤਲੀ 'ਤੇ ਆਪ ਬਿਰਾਜੇ
ਢੋਅ ਦੇਹੀ ਦੇ ਸਭ ਦਰਵਾਜ਼ੇ
ਇਕ ਸੂਰਜ ਸਾਏ ਦੀ ਵਿੱਥ 'ਤੇ
ਸਾਹਾਂ ਦੇ ਨਿਘੀਂ ਠਰਿਆ
ਬੱਦਲ ਦੀ ਬੁੱਕਲੇ ਬਲਿਆ
-0-
ਲਹੂ 'ਚੋਂ ਉੱਗੇ ਨਕਸ਼
ਲਹੂ ਤੋਂ ਵੱਖਰੇ ਹੋਏ
ਵਿੱਥਾਂ ਵਿੱਚ ਤਕਸੀਮੇ ਚਿਹਰੇ
ਵਿੱਥਾਂ ਵਿੱਚ ਹੀ ਮੋਏ
ਕੌਣ ਭਵਿੱਖ ਲਈ ਹੁਣ ਦਾ ਸੂਰਜ
ਲਹੂ 'ਚ ਮਲ ਮਲ ਧੋਏ
ਕਿਰਨਾਂ ਦੀ ਪੀੜ ਪਛਾਣੇ
ਅੰਬਰੀ ਤਾਰੇ ਬੋਏ
ਸਮੇਂ ਦਾ ਹਾਣੀ ਹੋਏ।
-0-

## ਬੰਦ ਤਾਲਾ

ਉਮਰ ਹੱਥਾਂ ਦੀਆਂ ਉਂਗਲਾਂ 'ਚੋਂ
ਰੇਤ ਵਾਂਗ ਕਿਰ ਗਈ
ਪਤਾ ਹੀ ਨਹੀਂ ਲੱਗਾ
ਕਦੋਂ ਜਨਮੇ ਸਾਂ
ਕਦੋਂ ਮੌਤ ਦੀ ਸਰਦਲ 'ਤੇ ਆ ਖੜ੍ਹੇ।
-0-
ਜ਼ਿੰਦਗੀ ਵਗਦੀ ਨਦੀ ਨਾ ਹੋ ਸਕੀ
ਜ਼ਿੰਦਗੀ ਗਤੀ ਨਾ ਹੋ ਸਕੀ
ਸਗੋਂ ਗੰਧਲਾ ਤਲਾਬ ਬਣ ਕੇ ਰਹਿ ਗਈ
ਵਰ ਦੀ ਥਾਂ
ਜ਼ਿੰਦਗੀ ਸਰਾਪ ਬਣ ਕੇ ਰਹਿ ਗਈ।
-0-
ਅਸੀਂ
ਆਪਣੇ ਸ਼ੋਰ 'ਚ ਇੰਨਾ ਘਿਰ ਗਏ
ਸੂਰਜ ਦੇ ਚੜ੍ਹਨ ਨੇ
ਫੁੱਲਾਂ ਦੇ ਖਿੜਨ ਨੇ
ਕਰੂੰਬਲਾਂ ਦੇ ਪੁੰਗਰਨ ਨੇ
ਦਰਵਾਜ਼ੇ 'ਤੇ ਦਸਤਕ ਤਾਂ ਦਿੱਤੀ
ਪਰ ਅਸੀਂ ਆਪ ਹੀ ਦਰਵਾਜ਼ਾ ਖੋਲ ਨਾ ਸਕੇ
ਆਪਣੇ ਸ਼ੋਰ 'ਚ ਗੁਆਚੇ
ਆਪਣੀ ਚੁੱਪ ਨਾਲ ਬੋਲ ਨਾ ਸਕੇ।
-0-
ਕੋਈ ਵੀ ਰੌਸ਼ਨੀ ਦੀ ਕਿਰਨ
ਸਾਡੇ ਅੰਦਰ ਉਤਰ ਨਾ ਸਕੀ
ਅਤੇ ਅਸੀਂ ਹਨ੍ਹੇਰ 'ਚ ਉਤਰਦੇ ਉਤਰਦੇ
ਹਨ੍ਹੇਰ ਦਾ ਹਨ੍ਹੇਰ ਬਣ ਕੇ ਰਹਿ ਗਏ
ਜਿਥੇ ਚਾਨਣ ਜਾਂ ਸੂਰਜ ਬੀਜਣ ਦੀ ਇੱਛਾ
ਪੂਰੀ ਉਮਰ ਨਹੀਂ ਜਨਮਦੀ
ਪਰ ਰੋਜ਼ ਮਰਦੀ ਹੈ।
-0-

ਅਸੀਂ ਆਪਣੇ ਦੇਹ ਦੇਂ ਦਰਵਾਜ਼ੇ ਬੰਦ ਕਰ ਕੇ
ਬਸ ਆਪਣੇ ਆਪ ਨੂੰ ਸੁਣਦੇ ਰਹੇ
ਆਪਣੇ ਆਪ ਨਾਲ ਵਾਰਤਾਲਾਪ ਕਰਦੇ ਰਹੇ
ਆਪਣੇ ਸਹੀ ਹੋਣ ਦਾ ਭਰਮ ਪਾਲਦੇ ਰਹੇ
ਆਪਣੇ ਰਿਸ਼ਤਿਆਂ ਨੂੰ ਦੁਆਲੇ ਬੀਜਦੇ ਰਹੇ
ਅਤੇ ਇਨ੍ਹਾਂ ਦੀ ਹੀ ਛਾਵੇਂ ਬੈਠੇ ਰਹੇ
ਆਪਣੀ ਛਾਂ ਤੋਂ ਬਾਹਰ ਪੈਰ ਪੁਟਦੇ ਤਾਂ ਜਾਣਦੇ
ਚਾਨਣ ਕੀ ਹੁੰਦਾ ਹੈ ਸੂਰਜ ਕੀ ਹੁੰਦਾ ਹੈ
ਧਰਤੀ 'ਚੋਂ ਪੌਦਾ ਕਿਵੇਂ ਫੁੱਟਦਾ ਹੈ
ਕੋਇਲ ਦੀ ਕੂਕ 'ਚ ਕੌਣ ਵੱਸਦਾ ਹੈ
ਮੋਰ ਦੇ ਪੈਰਾਂ 'ਚ ਕੌਣ ਨੱਚਦਾ ਹੈ
ਪੌਣ ਕਿਵੇਂ ਵਗਦੀ ਹੈ
ਅਕਾਸ਼ ਦਾ ਰੰਗ ਕੀ ਹੈ
ਜਲ ਦੀ ਠੰਡਕ ਕੀ ਹੈ
ਅੱਗ ਦਾ ਨਿੱਘ ਕੀ ਹੈ
ਰਾਤ ਦਾ ਹਨ੍ਹੇਰ ਕੀ ਹੈ
ਦਿਨ ਦੀ ਸਵੇਰ ਕੀ ਹੈ।

-0-

ਅਸੀਂ ਸਾਰੀ ਉਮਰ
ਇਕੱਲਤਾ ਤੇ ਸ਼ੋਰ 'ਚ ਮੋਈ ਚੁੱਪ ਜਿਉਂਦੇ ਰਹੇ
ਇਕ ਬੰਦ ਤਾਲੇ ਦੀ ਜੂਨ ਹੰਢਾਉਂਦੇ ਰਹੇ
ਰੌਣਕਾਂ ਦਾ ਅਹਿਸਾਸ
ਸਾਡੀ ਦੇਹ ਤੋਂ ਮੀਲਾਂ ਦੂਰ ਸੀ
ਸਾਡੀ ਹੋਂਦ ਇਕੱਲੀ ਖਾਮੋਸ਼ੀ
ਤੇ ਆਪਣੇ ਹੀ ਸ਼ੋਰ ਦੇ ਵਿਚ ਚੂਰ ਸੀ
ਅਸੀਂ ਖੁਲ੍ਹ ਕੇ ਮਰ ਤਾਂ ਸਕੇ
ਖੁਲ੍ਹ ਕੇ ਜੀਅ ਨਾ ਸਕੇ
ਬੇਗਾਨੇਪਨ 'ਚ ਉਮਰ ਗੁਜ਼ਰ ਗਈ
ਕਿਸੇ ਨੂੰ ਅਪਣਾ ਨਾ ਸਕੇ
ਕਿਸੇ ਦੇ ਹੋ ਨਾ ਸਕੇ।

-0-

ਅਸੀਂ ਆਪਣੇ ਸਵੈ ਨਾਲੋਂ ਟੁੱਟੇ
ਸਿਰਫ ਜਿਸਮ ਜਿਉਂਦੇ ਰਹੇ
ਜਿਸਮਾਂ ਤੋਂ ਜਿਸਮਾਂ ਤੱਕ ਦਾ ਸਫਰ ਕਰਦੇ ਰਹੇ
ਆਪਣੀ ਦੇਹ 'ਚ ਉੱਡਦੇ ਰਹੇ
ਆਪਣੀ ਦੇਹ 'ਚ ਤਰਦੇ ਰਹੇ
ਸਾਇਆਂ ਪਿੱਛੇ ਦੌੜਦੇ
ਸਾਏ ਹੀ ਫੜਦੇ ਰਹੇ।
-0-
ਆਪਣੇ ਆਪ ਤੋਂ ਬਾਹਰ ਨਿਕਲਦੇ
ਤਾਂ ਜਾਣਦੇ ਸਮੁੰਦਰ ਕੀ ਹੈ
ਮੌਸਮ ਦੇ ਬਦਲਣ 'ਚ
ਬਹਾਰਾਂ ਦੇ ਆਗਮਨ 'ਚ
ਪ੍ਰਕਿਰਤੀ ਦਾ ਕਿਹੜਾ ਸੰਗੀਤ ਹੈ
ਧਰਤੀ ਦੀ ਹਿੱਕ 'ਚ ਕਿਸ ਦਾ ਦਿਲ ਧੜਕਦਾ ਹੈ
ਪੰਛੀਆਂ ਦੀਆਂ ਡਾਰਾਂ ਦੇ ਫੜ ਫੜਾਉਂਦੇ ਖੰਭਾਂ 'ਚ
ਲੁਕਿਆ ਪਰਵਾਜ਼ ਕੀ ਹੈ
ਆਪਣੇ ਆਪ ਤੋਂ ਬਾਹਰ ਨਿਕਲਦੇ
ਤਾਂ ਜਾਣਦੇ ਜ਼ਿੰਦਗੀ ਦਾ ਰਾਜ਼ ਕੀ ਹੈ
ਜ਼ਿੰਦਗੀ ਦਾ ਗੀਤ ਕੀ ਹੈ
ਜ਼ਿੰਦਗੀ ਦਾ ਸਾਜ਼ ਕੀ ਹੈ
ਅਸੀਂ ਆਪਣੇ ਸ਼ੋਰ 'ਚ ਏਨਾ ਗੁੰਮ ਗਏ
ਕਿ ਜ਼ਿੰਦਗੀ ਸਾਡੇ 'ਚੋਂ ਮਨਫੀ ਹੋ ਗਈ
ਤੇ ਅਸੀਂ
ਇਕ ਕਲਰੀ-ਥੇਹ ਬਣ ਕੇ ਰਹਿ ਗਏ।
-0-

ਅਸੀਂ ਆਪਣੇ ਦੁਆਲੇ
ਆਪਣੇ ਹੀ ਦਾਇਰਿਆਂ ਦੇ ਪ੍ਰਹਾੜ ਚਿਣ ਲਏ
ਬਾਹਰੋਂ ਅੰਦਰ ਤਾਂ ਕਿਸੇ ਨੇ ਕੀ ਝਾਕਣਾ ਸੀ
ਅਸੀਂ ਅੰਦਰੋਂ ਬਾਹਰ ਝਾਕਣੋਂ ਵੀ ਰਹਿ ਗਏ
ਸਾਡੇ ਪੈਰਾਂ ਲਈ ਨਾ ਕੋਈ ਰਾਹ ਨਾ ਕੋਈ ਮੰਜ਼ਿਲ
ਅਸੀਂ ਆਪਣੇ ਹੀ ਪੈਰਾਂ 'ਤੇ ਖੜ੍ਹੇ
ਆਪਣੀ ਪ੍ਰਕਰਮਾ ਕਰਦੇ ਰਹੇ
ਆਪਣੀ ਹੀ ਪੂਜਾ ਢੋਂਹਦੇ ਰਹੇ
ਆਪਣੇ ਆਪ 'ਚ ਰੱਬ ਬਣ ਕੇ ਰਹਿ ਗਏ
ਆਪਣਾ ਸ਼ੋਰ ਸਿਰਜਦੇ ਰਹੇ
ਆਪਣੀ ਇਕੱਲਤਾ ਜਿਉਂਦੇ ਰਹੇ
ਆਪਣੀ ਖਾਮੋਸ਼ੀ ਜਨਮਦੇ ਰਹੇ
ਤੇ ਆਖਰ ਲਹੂ-ਮਾਸ ਤੋਂ ਪੱਥਰਾ ਗਏ
ਪੱਥਰ ਜੋ ਸਫਰ ਰਹਿਤ ਹੈ
ਪੱਥਰ ਜੋ ਮੰਜ਼ਿਲ ਰਹਿਤ ਹੈ
ਪੱਥਰ ਜੋ ਗਤੀਹੀਣ ਹੈ
ਅਗਤੀ ਤੋਂ ਸਿਵਾ ਕੁਝ ਵੀ ਨਹੀਂ
ਸਾਡੀ ਨਜ਼ਰ ਨੂੰ ਸਾਡੇ ਆਪਣੇ ਹੀ ਦਿਸਹੱਦੇ ਖਾ ਗਏ।
-0-

ਉਮਰ ਹੱਥਾਂ ਦੀਆਂ ਉਂਗਲਾਂ 'ਚੋਂ
ਰੇਤ ਵਾਂਗ ਕਿਰ ਗਈ
ਪਤਾ ਹੀ ਨਹੀਂ ਲੱਗਾ
ਕਦੋਂ ਜਨਮੇ ਸਾਂ
ਕਦੋਂ ਮੌਤ ਦੀ ਸਰਦਲ 'ਤੇ ਆ ਖੜ੍ਹੇ।
-0-

## ਨਜ਼ਰ ਦਾ ਰੰਗ

ਖੰਭਾਂ 'ਚੋਂ ਪਰਵਾਜ਼ ਨਹੀਂ
ਪਰਵਾਜ਼ 'ਚੋਂ ਜਦ ਖੰਭ ਉੱਗਦੇ ਨੇ
ਹਵਾਵਾਂ ਚਉਰ ਕਰਦੀਆਂ ਨੇ
ਵਗਦੇ ਸਮੇਂ ਰੁਕਦੇ ਨੇ।
–0–
ਆਪਣੀ ਨਜ਼ਰ ਦਾ ਰੰਗ
ਰੁੱਤਾਂ ਪਹਿਨ ਲੈਂਦੀਆਂ ਹਨ
ਆਪਣੇ ਬੋਲ ਚੌਕੁੰਟੀ ਗੂੰਜਦੇ ਹਨ
ਅਰਥ ਆਪਣੀ ਮਹਿਕ ਅੰਬਰੀ ਖੋਲਦੇ ਹਨ
ਮਹਿਕ 'ਚੋਂ ਰੰਗ ਕਿਰਦੇ ਹਨ
ਰੰਗਾਂ 'ਚੋਂ ਫੁੱਲ ਖਿੜਦੇ ਹਨ।
–0–
ਕੁਦਰਤ
ਤਪਦੀ ਤਲੀ ਤੇ ਸੀਤ ਮਹਿੰਦੀ ਵਾਂਗ
ਧੁਰ ਅੰਦਰ ਉਤਰਦੀ ਹੈ
ਅੰਗਾਂ 'ਚੋਂ ਨੂਰ ਝਰਦਾ ਹੈ
ਅੰਦਰੋਂ ਸੂਰਜ ਚੜ੍ਹਦਾ ਹੈ।
–0–
ਰੁੱਖਾਂ ਦੇ ਅੰਦਰੋਂ
ਝਾਕਦੀ ਅਵਾਰਾ ਹਵਾਵਾਂ ਦੀ ਉਮਰ
ਜੜ੍ਹਾਂ ਦੇ ਵਾਲੀ ਗੁਆਚਾ ਸਮੇਂ ਦਾ ਬਚਪਨ
ਅਪੈੜੇ ਰਾਹਾਂ ਦੀ ਹਿਕ 'ਚ ਸੁਤੀ ਸੜਕ ਦਾ ਟੋਟਾ
ਮੰਜ਼ਿਲਾਂ ਨੂੰ ਰਾਹ ਚੁਘਾਂਉਂਦਾ ਹੈ
ਦਿਸ਼ਾਵਾਂ ਦੇ ਪੈਰੀਂ
ਸਾਹਾਂ ਦੇ ਦੀਵੇ ਜਗਾਉਂਦਾ ਹੈ।
–0–

ਧਰਤੀ ਛਾਲਾ ਛਾਲਾ ਹੋ
ਆਪਣੀ ਹੋਂਦ ਤੱਕ ਅਪੜਦੀ ਹੈ
ਪਸੀਨੇ 'ਚ ਨੁਚੜੀ ਕੁਦਰਤ ਨੇ
ਆਪਣਾ ਆਪ ਤਕਿਆ ਹੈ
ਅਭੇਦ ਦਾ ਦਰਿਆ ਵਗਿਆ ਹੈ
ਸਮੇਂ ਨੇ ਆਪਣੀ ਹਿੱਕ 'ਚ
ਸਦਾ ਜੋ ਸਾਂਭ ਰੱਖਿਆਂ ਹੈ
ਕਿਰਨਾਂ ਪਰਾਇਆ ਚਾਨਣ
ਪਿੰਡਿਉ ਲਾਹ ਸੁਟਿਆ ਹੈ
ਚਿੱਟੇ ਦਿਨ ਦੇ ਸੀਨੇ 'ਚੋਂ
ਚਿੱਟਾ ਕੰਵਲ ਉੱਗਿਆ ਹੈ।
-0-

## ਸ਼ੀਸ਼ਾ

ਸ਼ੀਸ਼ੇ ਵਿਚ ਕਈ ਚਿਹਰੇ
ਆਪਣਾ ਪ੍ਰਤੀਬਿੰਬ ਦੇਖਦੇ ਹਨ
ਆਪਣੀ ਸ਼ਨਾਖਤ ਕਰਦੇ ਹਨ
ਆਪਾ ਪਹਿਚਾਣਦੇ ਹਨ
ਆਪਣੇ ਚਿਹਰੇ ਦਾ ਸੱਚ ਜਾਣਦੇ ਹਨ
ਆਪਣੇ ਨੈਣ ਨਕਸ਼ ਨੁਹਾਰ ਤੇ ਬਣਤਰ 'ਚੋਂ ਗੁਜ਼ਰਦੇ ਹਨ
ਆਪਣੀ ਬਣਤਰ ਮਾਣਦੇ ਹਨ।
-0-
ਪਰ ਸ਼ੀਸ਼ਾ ਆਪਣੇ ਆਪ 'ਚ
ਇਨ੍ਹਾਂ ਚਿਹਰਿਆਂ ਦੇ ਪ੍ਰਤੀਬਿੰਬਾਂ ਨੂੰ
ਸੰਭਾਲ ਨਹੀਂ ਸਕਦਾ, ਇਹਨਾਂ ਦਾ ਇਕ ਵੀ ਅਕਸ
ਆਪਣੇ ਆਪ 'ਚ ਉਤਾਰ ਨਹੀਂ ਸਕਦਾ
ਸ਼ੀਸ਼ਾ ਤੇ ਚਿਹਰਾ, ਜੇ ਇਕ ਦੂਜੇ ਦੇ ਸਾਵੇਂ ਹਨ
ਤਾਂ ਸ਼ੀਸ਼ਾ
ਆਪਣੇ ਆਪ 'ਚੋਂ ਚਿਹਰੇ ਦਾ ਪ੍ਰਤੀਬਿੰਬ ਸਿਰਜਦਾ ਹੈ
ਜੇ ਇਕ ਦੂਜੇ 'ਚੋਂ ਮਨਫੀ ਹਨ
ਤਾਂ ਸ਼ੀਸ਼ਾ ਚਿਹਰੇ 'ਚੋਂ ਅਕਸ ਦੀ ਭਾਲ ਸਿਰਜਦਾ ਹੈ।
-0-
ਸ਼ੀਸ਼ਾ ਸੱਖਣਾ ਤੇ ਉਦਾਸ ਹੈ
ਚਾਹੁੰਦਾ ਹੈ
ਆਪਣੀ ਦੇਹ ਵਿਚਲੇ ਚਿਹਰਿਆਂ ਦੇ ਅਲੋਪ ਅਕਸ
ਉਸ ਦਾ ਸੱਖਣਾਪਨ ਤੇ ਉਦਾਸੀ ਦੂਰ ਕਰਨ
ਸ਼ੀਸ਼ੇ 'ਚ ਸ਼ੀਸ਼ੇ ਦਾ ਅਕਸ ਧਰਨ
ਸ਼ੀਸ਼ਾ ਮਜਬੂਰ ਹੈ, ਆਪਣਾ ਅਕਸ
ਆਪਣੇ ਆਪ 'ਚ ਵੇਖ ਨਹੀਂ ਸਕਦਾ
ਸ਼ੀਸ਼ਾ ਆਪਣੀ ਸਿਆਣ ਲਈ
ਆਪਣੀ ਪਹਿਚਾਣ ਲਈ, ਆਪਣੇ ਅਕਸ ਦੀ ਭਾਲ 'ਚ
ਆਪਣੇ ਆਪ 'ਚ ਗੁਆਚਾ ਚਿਹਰਾ ਭਾਲ ਰਿਹਾ ਹੈ
ਆਪਣਾ ਅਕਸ ਚਿਹਰਿਆਂ 'ਚ ਉਤਾਰ ਰਿਹਾ ਹੈ।
-0-

ਸ਼ੀਸ਼ੇ ਦੀ ਦੇਹ 'ਚ
ਲੱਖਾਂ ਚਿਹਰਿਆਂ ਦੇ ਅਲੋਪ ਹਜ਼ੂਮ ਹਨ
ਅੱਖਾਂ ਦੀਆਂ ਗੱਲਾਂ ਹਨ
ਬੁੱਲ੍ਹਾਂ ਦਾ ਹਾਸਾ ਹੈ
ਚਿਹਰਿਆਂ ਦੀ ਖ਼ੂਬਸੂਰਤੀ ਹੈ
ਚੱਪ ਦੇ ਬੋਲ ਹਨ
ਇਸ਼ਾਰਿਆਂ ਦੀ ਭਾਸ਼ਾ ਹੈ
ਚਿਹਰਿਆਂ ਦੇ ਹੂ-ਬ-ਹੂ ਅਲੋਪ ਅਕਸ
ਸ਼ੀਸ਼ੇ ਕੋਲ ਹਨ
ਸ਼ੀਸ਼ਾ ਚਿਹਰੇ ਦੀ ਕਰੂਪਤਾ ਵੀ ਨਹੀਂ ਛੁਪਾਉਂਦਾ
ਨਖਸ਼ਾਂ ਦੇ ਸੁੰਦਰ ਅਸੁੰਦਰ ਹੋਣ ਦਾ ਖੁਲਾਸਾ ਕਰਦਾ ਹੈ
ਸ਼ੀਸ਼ੇ ਦੀ ਅੱਖ 'ਚ
ਸੱਚ ਦਾ ਸੱਚ, ਝੂਠ ਦਾ ਝੂਠ ਤਰਦਾ ਹੈ
ਚਿਹਰਿਆਂ ਦੀ ਪਹਿਚਾਣ ਕਰਾਉਣ ਵਾਲਾ ਦਰਪਣ
ਆਪਣੀ ਪਹਿਚਾਣ ਲਈ ਆਹਾਂ ਤੇ ਹੌਕੇ ਭਰਦਾ ਹੈ
ਸੱਖਣੇਪਨ ਤੇ ਉਦਾਸੀਆਂ ਦੇ ਸਾਗਰ ਤਰਦਾ ਹੈ।

-0-

ਭੀੜ 'ਚ ਵਿਚਰਦੇ ਚਿਹਰੇ
ਸ਼ੀਸ਼ੇ 'ਚੋਂ ਪਹਿਚਾਣਿਆਂ ਆਪਣਾ ਅਕਸ
ਆਪਣੇ ਦੁਆਲੇ ਬੁਣਦੇ ਹਨ
ਦੁਆਲੇ ਸਿਰਜਿਆ ਅਕਸ
ਚਿਹਰੇ ਨੂੰ ਭੀੜ ਵਿਚ ਵਿਚਰਦਾ ਤੱਕਦਾ ਹੈ
ਚਿਹਰੇ ਦਾ ਵਿਚਰਨ ਧਰਾਤਲ
ਚਾਲ, ਰੰਗ, ਢੰਗ, ਅਦਾ
ਭੀੜ 'ਚ ਚਿਹਰੇ ਸਦਕਾ
ਹੋਏ ਇਜ਼ਾਫੇ ਦਾ ਮੁੱਲ ਦੱਸਦਾ ਹੈ
ਅਕਸ ਭੀੜ 'ਚ ਵਿਚਰਦੇ ਚਿਹਰੇ ਦਾ ਸੱਚ
ਚਿਹਰੇ ਨੂੰ ਦੱਸਦਾ ਹੈ।

-0-

ਸ਼ੀਸ਼ਾ ਉਹਨਾਂ ਚਿਹਰਿਆਂ ਦੀਆਂ ਅੱਖਾਂ 'ਚੋਂ
ਆਪਣਾ ਅਕਸ ਵੇਖਦਾ ਹੈ
ਜੋ ਆਪਣਾ ਪ੍ਰਤੀਬਿੰਬ ਦੇਖਣ ਲਈ
ਸ਼ੀਸ਼ੇ ਸਾਵੇਂ ਖਲੋਂਦੇ ਹਨ
ਸ਼ੀਸ਼ਾ ਆਪਣਾ ਜੁਗਰਾਫ਼ੀਆ, ਚਿਹਰਾ ਮੋਹਰਾ
ਉਹਨਾਂ ਚਿਹਰਿਆਂ ਦੀਆਂ ਅੱਖਾਂ 'ਚ ਬੀਜਦਾ ਹੈ
ਤਾਂ ਕਿ ਉਹਨਾਂ ਨੂੰ ਯਾਦ ਰਹੇ
ਕਿ ਇਹ ਉਹ ਸ਼ੀਸ਼ਾ ਹੈ
ਜਿਸ ਚਿਹਰੇ ਨੂੰ ਅਕਸ
ਅਕਸ ਨੂੰ ਚਿਹਰਾ ਵਿਖਾਇਆ ਸੀ
ਦੇਹ 'ਚ ਵਸਦੇ ਅਜਨਬੀ ਅਕਸ ਨੂੰ
ਦੇਹ ਦੇ ਸੱਚ ਨਾਲ ਮਿਲਾਇਆ ਸੀ।
-0-
ਸ਼ੀਸ਼ੇ ਨੇ ਆਪਣਾ ਚਿਹਰਾ
ਜਿਹਨਾਂ ਚਿਹਰਿਆਂ ਦੀਆਂ ਅੱਖਾਂ 'ਚ ਬੀਜਿਆ
ਉਹ ਚਿਹਰੇ ਤੇ ਸ਼ੀਸ਼ਾ ਨਾਲ ਨਾਲ ਤੁਰਦੇ ਹਨ
ਇਕ ਦੂਜੇ ਦੇ ਸੰਗੀ ਸਾਥੀ ਹਨ
ਇਕ ਦੂਜੇ ਦੀਆਂ ਦਿਸ਼ਾਵਾਂ ਹਨ
ਮੰਜ਼ਿਲਾਂ ਤੇ ਰਾਹਾਂ ਹਨ
ਸ਼ੀਸ਼ਾ ਇਹ ਮਹਿਸੂਸ ਕਰਦਾ ਹੈ
ਜਦ ਚਿਹਰੇ ਦੀ ਅੱਖ 'ਚ
ਉਸ ਦਾ ਅਕਸ ਤਰਦਾ ਹੈ।
-0-
ਸ਼ੀਸ਼ਾ ਸੱਖਣਾ ਤੇ ਉਦਾਸ ਹੈ
ਚਾਹੁੰਦਾ ਹੈ
ਉਸ ਨੂੰ ਹਰ ਵੇਲੇ
ਉਹਨਾਂ ਚਿਹਰਿਆਂ ਦਾ ਪਾਸ ਰਹੇ
ਜਿਹਨਾਂ ਦੀਆਂ ਅੱਖਾਂ 'ਚੋਂ
ਉਹ ਆਪਣਾ ਆਪ ਪਹਿਚਾਣ ਸਕੇ
ਆਪਣੇ ਅਕਸ ਦਾ ਸੱਚ ਜਾਣ ਸਕੇ
ਅੱਖਾਂ 'ਚ ਵਸਦਾ ਸ਼ੀਸ਼ਾ

ਭੀੜ 'ਚ ਇਕੱਲਤਾ 'ਚ
ਖਾਮੋਸ਼ੀ, ਰੌਣਕ, ਖੁਸ਼ੀ ਤੇ ਉਦਾਸੀ 'ਚ
ਉਹਨਾਂ ਚਿਹਰਿਆਂ ਦੇ ਨਾਲ ਤੁਰਦਾ ਰਹੇ
ਤੇ ਕੰਧ 'ਤੇ ਲਟਕਣ ਦੇ ਸ਼ਰਾਪ ਤੋਂ ਮੁਕਤ ਹੋ ਸਕੇ
ਜੀਵਨ ਗਤੀ ਦੇ ਵਹਿਣ ਦਾ ਹਿੱਸਾ ਬਣ ਸਕੇ
ਆਪਣੇ ਪੈਰਾਂ 'ਤੇ ਖੜ ਸਕੇ
ਆਪਣੇ ਪੈਰਾਂ 'ਤੇ ਚਲ ਸਕੇ
ਆਪਣਾ ਚਿਹਰਾ
ਹਰ ਚਿਹਰੇ ਦੀਆਂ ਅੱਖਾਂ 'ਚੋਂ ਵੇਖ ਸਕੇ
ਕੰਧ 'ਤੇ ਚਿਪਕਣ ਤੇ ਜੀਵਨ ਧਾਰਾ ਵਿਚਲੀ
ਦੂਰੀ ਮੇਟ ਸਕੇ
ਆਪਣੇ ਵਿੱਚ ਵਸਦੇ ਅਲੋਪ ਅਕਸਾਂ ਦਾ
ਸਫ਼ਰ ਹੋ ਜਾਏ
ਜੀਵਨ ਦੀ ਪੈਂਤੀ ਅੱਖਰੀਂ ਦਾ
ਇਕ ਹਰਫ਼ ਹੋ ਜਾਏ।
-0-

## ਤਰਲ ਅੰਗਾ ਸੰਸਾਰ

ਪਰਤ ਕੇ ਨਾ ਵੇਖ ਡੁੱਬਦਾ ਸੂਰਜ
ਰੁਕ ਗਿਉਂ ਤਾਂ ਮੀਲ ਪੱਥਰ
ਤੁਰਦਾ ਰਹਿਉਂ ਤਾਂ ਰਾਹ
ਮਹਿਕ ਆਪਣੀ, ਸਮੇਂ 'ਚ ਬੀਜਦਾ ਹੀ ਜ਼ਾਹ।
-0-
ਪੈਰਾਂ ਦੇ ਤਾਲ ਵਿੱਚ ਹੈ ਬੁੱਧੀ ਦਾ ਰਾਗ
ਮੰਜ਼ਿਲ-ਕੁੱਖੇ ਸਫ਼ਰ ਹੈ
ਬਾਲ ਮੱਥੇ ਦਾ ਚਿਰਾਗ
ਸਮੇਂ ਦਾ ਰਥਵਾਨ ਹੈ
ਸਾਹਾਂ ਦੇ ਘੋੜੇ ਸੰਭਾਲ
ਆਪਣਾ ਚਾਨਣ ਖਿਲਾਰ।
-0-
ਦੇਹ ਵਿਚਲੀ ਚੁੱਪ ਲਈ
ਜਗਰਾਤਿਆਂ ਦੀ ਜੂਨੀ ਨੇ ਅਰਥ
ਬੁਲ੍ਹ ਸੀਅ ਕੇ ਸ਼ਬਦਾਂ ਗੁਜ਼ਾਰੀ ਹੈ ਉਮਰ
ਸੂਰਜ ਮੁਕਤ ਦਿਨ ਚੜ੍ਹਾਅ
ਚੇਤਨਾ ਚੇਤਨਾ ਕਰਕੇ ਜਗੇ
ਮਨ ਦੇ ਹਨੇਰੇ ਜੰਗਲੀ ਚੁੱਪ ਪਿਘਲੇ
ਬੋਲ ਦਾ ਦਰਿਆ ਵਗੇ।
-0-
ਫੈਲ ਆਪਣੇ ਆਪ 'ਚ
ਪਸਰੀਆਂ ਤੈਹਾਂ ਤੋਂ ਪਾਰ
ਆਪਣੇ ਆਪ ਤੋਂ
ਆਪਣਾ ਪਿੰਡਾ ਉਤਾਰ
ਤੇਰੇ ਬਿਨਾਂ ਕੁਝ ਵੀ ਨਹੀਂ
ਤੂੰ ਹੀ ਤਾਂ ਹੈ
ਨਜ਼ਰ ਵੀ, ਦਿਸਹੱਦਾ ਵੀ, ਦਿਸਹੱਦੇ ਤੋਂ ਪਾਰ
ਦੇਹ ਤੋਂ ਦੇਹ ਦਾ ਪਸਾਰ
ਵਿਸ਼ਵ ਹੈ ਤੇਰੀ ਪਹਿਚਾਣ, ਵਿਸ਼ਵ ਹੈ ਤੇਰੀ ਨੁਹਾਰ।
-0-

ਮੌਤ
ਪਿੰਡੇ ਦਾ ਅੰਤ ਹੈ
ਪਿੰਡੇ ਵਿਚਲਾ ਸੱਚ ਨਹੀਂ
ਪਿੰਡੇ ਵਿਚਲਾ ਸੱਚ ਹੀ
ਇੱਕ ਸੱਚ ਹੈ
ਬਾਕੀ ਤਾਂ ਸਭ ਕੁਝ ਕੱਚ ਹੈ
ਕੱਚ ॥ ਰਹਾਉ ॥
ਜਿਸ 'ਚੋਂ ਮੂੰਹ ਵੇਖੋ
ਤੇਂ ਮੌਤ ਖੂਬਸੂਰਤ ਕਰੋ
ਆਪਣੇ ਦੇ ਬੀਤੇ ਦੇ ਨੈਣੀ
ਅੱਜ ਦੇ ਸੂਰਜ ਧਰੋ
ਰੁੱਖੋ ਕੁਝ ਤਾਂ ਕਰੋ
ਪੌਣੋਂ ਹਟ ਕੇ ਵਗੋ
ਰਾਹੋਂ ਇੱਕ ਕਦਮ ਤੁਰੋ।
-0-

# ਮਿੱਟੀ ਦਾ ਮੋਹ

ਆਪਣੀ ਮਿੱਟੀ ਦਾ ਮੋਹ
ਮਨੁੱਖ ਦੇ ਅੰਦਰ ਵੀ ਹੈ ਬਾਹਰ ਵੀ ਹੈ
ਦਿਸਹੱਦੇ ਤੋਂ ਆਰ ਵੀ ਹੈ
ਦਿਸਹੱਦੇ ਤੋਂ ਪਾਰ ਵੀ ਹੈ
ਇਹ ਸਵਾਸਾਂ ਵਾਂਗ
ਮਨੁੱਖੀ ਦੇਹ 'ਚ ਜਿਉਂਦਾ ਹੈ
ਕਬਰ ਤੱਕ ਮਨੁੱਖ ਦੇ ਨਾਲ ਜਾਂਦਾ ਹੈ।
-0-
ਇਹ ਮੋਹ
ਮਨੁੱਖ ਦੀ ਪਹਿਚਾਣ ਹੈ
ਮਨੁੱਖ ਦਾ ਮੂਲ ਅਤੇ ਜੜ੍ਹ ਹੈ
ਮਨੁੱਖ ਗਲੋਬਲ ਪੱਧਰ 'ਤੇ ਕਿਤੇ ਵੀ ਵਿਚਰੇ
ਆਪਣੀ ਮਿੱਟੀ ਦੇ ਮੋਹ ਨਾਲੋਂ ਕਦੀ ਨਹੀਂ ਟੁੱਟਦਾ
ਇਹ ਮੋਹ ਮਨੁੱਖ ਦੀ ਸ਼ਕਤੀ ਹੈ
ਆਪਣੇ ਆਪ ਨੂੰ ਵਸੀਅ ਅਤੇ ਅਸੀਮ ਕਰਨ ਦੀ
ਆਪਣਾ ਆਪਾ ਤਰ ਕੇ ਉਸ ਪਾਰ ਜਾਣ ਲਈ
ਜਿਥੇ ਦੇਹ ਨਹੀਂ ਰੰਗ ਨਹੀਂ ਨਸਲ ਨਹੀਂ
ਜਾਤ ਨਹੀਂ ਪਾਤ ਨਹੀਂ
ਰੂਹ ਦੀ ਦੁਨੀਆਂ ਹੈ ਚਾਨਣ ਹੀ ਚਾਨਣ ਹੈ।
-0-
ਇਸ ਮੋਹ ਤੋਂ ਬਿਨਾਂ
ਮਨੁੱਖ ਦੀ ਜੜ੍ਹ ਧਰਤੀ 'ਚ ਨਹੀਂ
ਮਨੁੱਖ ਦੀ ਜੜ੍ਹ ਮਨੁੱਖਤਾ 'ਚ ਨਹੀਂ
ਮਨੁੱਖ ਆਪਣੇ ਦੁਆਲੇ ਖਲਾਅ ਸਿਰਜਦਾ ਹੈ
ਖਲਾਅ ਜਿਉਂਦਾ ਜਿਉਂਦਾ
ਆਪਣੇ ਅੰਦਰਲੇ ਖਲਾਅ ਨੂੰ ਜਨਮ ਦਿੰਦਾ ਹੈ
ਮਨੁੱਖ 'ਚੋਂ ਮਨੁੱਖ ਮਨਫੀ ਹੋ ਜਾਂਦਾ ਹੈ
ਜੋ ਬਚਦਾ ਹੈ ਖਲਾਅ ਹੈ ਸਿਰਫ ਖਲਾਅ
ਜਿਸ ਦਾ ਕੋਈ ਅਰਥ ਨਹੀਂ, ਸੱਚ ਨਹੀਂ, ਹੋਂਦ ਨਹੀਂ।
-0-

ਇਸ ਮੋਹ ਤੋਂ ਬਿਨਾਂ
ਮਨੁੱਖ ਪੈਰ ਪੈਰ 'ਤੇ ਨਫ਼ਰਤ ਬੀਜਦਾ ਹੈ
ਉਸ਼ ਦੀ ਦੇਹ ਅਤੇ ਚੇਤਨਤਾ 'ਚ
ਨਫ਼ਰਤ ਦਾ ਇੱਕ ਜੰਗਲ ਉੱਗ ਆਉਂਦਾਂ ਹੈ
ਜਿਸ ਨੂੰ ਉਹ ਜਿਉਂਦਾ, ਹੰਢਾਉਂਦਾ ਤੇ ਵੰਡਦਾ ਹੈ
ਨਫ਼ਰਤ ਵੰਡਦੇ ਵੰਡਦੇ ਮਨੁੱਖ 'ਚੋਂ
ਪਿਆਰ ਦਾ ਜ਼ਜ਼ਬਾ ਪੱਥਰਾ ਜਾਂਦਾ ਹੈ
ਜ਼ਿੰਦਗੀ ਸੁੱਕ ਜਾਂਦੀ ਹੈ
ਪੱਤਝੜ ਫੈਲਦੀ ਹੈ ਮਨੁੱਖ ਦੇ ਅੰਦਰ ਵੀ, ਬਾਹਰ ਵੀ
ਸੁੱਕੇ ਜੰਗਲ 'ਚੋਂ ਲੰਘਦਾ ਲੰਘਦਾ ਮਨੁੱਖ
ਜੰਗਲ ਮੁਕਣ ਤੋਂ ਪਹਿਲਾਂ ਹੀ ਸੁੱਕ ਜਾਂਦਾ ਹੈ
ਮੁੱਕ ਜਾਂਦਾ ਹੈ
ਇਹ ਜੰਗਲ ਉਸ ਦੇ ਜਿਸਮ 'ਚੋਂ ਜਨਮਦਾ
ਤੇ ਜਿਸਮ ਦੀ ਕਬਰ ਤੱਕ ਫੈਲਦਾ ਹੈ
-0-
ਮਿੱਟੀ ਦਾ ਮੋਹ
ਜੀਵਨ ਗਤੀ ਹੈ, ਹਵਾ ਦਾ ਵੇਗ ਹੈ
ਅਕਾਸ਼ ਦੀ ਛਾਂ ਹੈ, ਅੱਗ ਦਾ ਨਿੱਘ ਹੈ
ਜਲ ਦੀ ਪਿਆਸ ਹੈ
ਮਿੱਟੀ ਦਾ ਮੋਹ ਜਿਸ ਦੇ ਪਾਸ ਹੈ
ਉਸ ਦੇ ਮੱਥੇ 'ਚ ਜਗਦੀ
ਮਨੁੱਖਤਾ ਦੀ ਆਸ ਹੈ
ਮਿੱਟੀ ਦਾ ਮੋਹ
ਮਨੁੱਖ ਅਤੇ ਮਨੁੱਖਤਾ ਵਿਚਾਲੇ
ਸਵੈ ਦੀ ਪਹਿਚਾਣ ਹੈ
ਸਵੈ ਦਾ ਸਵੈ ਨਾਲ ਮਿਲਣ ਹੈ
ਪ੍ਰਭੂ ਹੈ, ਪ੍ਰਭੁਤਾ ਹੈ
ਜਿਸ ਵਿਚ ਜੀਵਨ ਧਾਰਾ
ਸਰਬਤ ਦੇ ਭਲੇ
ਅਤੇ ਪਿਆਰ ਦੇ ਕਿਨਾਰਿਆਂ 'ਚ ਵਗ ਰਹੀ ਹੈ
-0-

ਮਿੱਟੀ ਦਾ ਮੋਹ ਹੀ
ਮਨੁੱਖ ਦੀ ਚੇਤਨਤਾ ਹੈ
ਜੋ ਸ਼ਬਦ 'ਚ ਲੁਕੇ ਅਰਥ ਨੂੰ ਖੋਲ੍ਹਦੀ ਹੈ
ਅਰਥ ਦਾ ਸੱਚ ਬੋਲਦੀ ਹੈ
ਸਾਰੇ ਮਨੁੱਖ ਸ਼ਬਦ ਹੀ ਤਾਂ ਹਨ
ਹਰ ਸ਼ਬਦ ਦਾ ਆਪਣਾ ਆਪਣਾ ਅਰਥ ਹੈ
ਹਰ ਅਰਥ ਦਾ
ਆਪਣਾ ਆਪਣਾ ਸ਼ਬਦ ਹੈ
ਆਪਣਾ ਆਪਣਾ ਅਕਾਸ਼ ਹੈ
ਆਪਣੀ ਆਪਣੀ ਧਰਤ ਹੈ
ਪਰ ਹੋਂਦ ਸਭ ਦੀ ਇੱਕ ਹੈ।
-0-
ਮਿੱਟੀ ਦੇ ਮੋਹ ਦੀ ਚੇਤਨਤਾ
ਹਰ ਇੱਕ ਸ਼ਬਦ 'ਚ ਜਗਦੀ ਹੈ
ਹਰ ਇੱਕ ਸ਼ਬਦ ਨੂੰ
ਆਪਣੀ ਆਪਣੀ ਮਿੱਟੀ ਚੰਗੀ ਲੱਗਦੀ ਹੈ
ਮਨੁੱਖ ਤੋਂ ਮਨੁੱਖਤਾ ਤੱਕ
ਇਹ ਸਾਂਝੀਵਾਲਤਾ ਦਾ ਸੂਰਜ
ਆਦਿ ਤੋਂ ਚੜ੍ਹਿਆ ਹੈ
ਅੰਤ ਤੱਕ ਚੜ੍ਹਿਆ ਰਹੇਗਾ
ਮਨੁੱਖੀ ਧਰਮ ਦੀ ਪਹਿਚਾਣ ਹੈ
ਮਿੱਟੀ ਦਾ ਮੋਹ
ਮਨੁੱਖੀ ਧਰਮ ਦੀ ਆਤਮਾ ਦੀ ਜਾਨ ਹੈ
ਮਿੱਟੀ ਦਾ ਮੋਹ।
-0-

## ਬੰਦ ਦਰਵਾਜ਼ੇ

ਹਵਾ
ਤੇਰੀਆਂ ਅੱਖਾਂ 'ਚ ਮੈਂ ਤੱਕਿਆ
ਸਮਾਂ ਅਵਾਰਾ, ਅਥਰੀ ਮੌਜ਼
ਦ੍ਰਿਸ਼ਟੀ ਰਹਿਤ ਮੰਜ਼ਿਲ ਦੀ ਖੋਜ
-0-
ਆਪਣੇ ਪਰਛਾਵੇਂ ਤੋਂ ਟੁੱਟ ਕੇ
ਰੁੱਖ ਕਿੰਝ ਜਾਨਣ ਮੌਸਮ ਦੀ ਤਬਦੀਲੀ
ਪੈਰਾਂ ਵਿੱਚ ਪੱਤਝੜ ਗੁਆਚੀ
ਟਹਿਣੀ ਗਰਭ ਬਹਾਰ।
-0-
ਬੀਜਦੇ ਵਿਚਲਾ ਰੁੱਖ ਕਾਹਲਾ ਹੈ
ਸੜਦਾ ਸੂਰਜ ਸੇਕਣੇ ਲਈ
ਝੱਖੜਾਂ ਦੇ ਸੰਗ ਜੂਝਣ ਲਈ
ਆਪਣੀ ਮਿੱਟੀ ਪੂਜਣ ਲਈ
ਆਪਣੀ ਜੜ੍ਹ ਨੂੰ ਜਾਨਣ ਲਈ
ਫੱਲ ਦੀ ਹੋਂਦ ਪਹਿਚਾਨਣ ਲਈ।
-0-
ਝਰਨੇ ਦਾ ਜਲ
ਪੱਥਰ ਨੈਣੀ ਨਦੀ ਦੇ ਨਕਸ਼ ਬਣਾਉਂਦਾ ਹੈ
ਕਦੀ ਬੂੰਦ 'ਚ ਬੀਜਦਾ ਹੈ ਸਾਗਰ
ਕਦੀ ਸਾਗਰ 'ਚੋਂ ਬੂੰਦ ਉਗਾਉਂਦਾ ਹੈ
ਇਕ ਜਲ ਹੈ
ਆਪਣੇਂ ਹੀ ਜਲ ਨੂੰ
ਅੱਠੋਂ ਪਹਿਰ ਧਿਆਉਂਦਾ ਹੈ
ਕੰਢੇ ਤੋਂ ਉੱਚਾ ਉਠਦਾ ਹੈ
ਜਲ ਦਾ ਜਲ ਕਹਾਉਂਦਾ ਹੈ।
-0-

ਸਿਰਜਣਾ
ਮਿੱਟੀ ਦਾ ਸੂਰਜ ਬਣਾਉਂਦੀ ਹੈ
ਕਰੋਸ਼ੀਏ ਦੇ ਆਸਮਾਂ ਤੇ
ਤਾਰਿਆਂ ਸੰਗ ਚੰਨ ਸਜਾਉਂਦੀ ਹੈ
ਸੀਤ ਹਉਕਾ ਹਿੱਕ ਦਾ ਕੁੱਛੜ ਖਿਡਾਉਂਦੀ ਹੈ
ਨੀਂਦੋਂ ਜਗਾਉਂਦੀ ਹੈ
ਸਮੇਂ ਦਾ ਗੀਤ
ਰੁੱਖਾਂ ਨੂੰ ਸੁਣਾਉਂਦੀ ਹੈ।
-0-

## ਯਾਦਾਂ

ਮਨੁੱਖ ਯਾਦਾਂ ਦਾ ਹਜੂਮ ਹੈ
ਯਾਦਾਂ ਮਨੁੱਖ ਦੀ ਦੇਹ 'ਚ
ਸਮੰਦਰ ਵਾਂਗ ਫੈਲੀਆਂ ਹਨ
ਜੰਗਲ ਵਾਂਗ ਪਸਰੀਆਂ ਹਨ
ਅਕਾਸ਼ ਵਾਂਗ ਛਾਈਆਂ ਹਨ
ਧਰਤੀ ਵਾਂਗ ਵਿਛੀਆਂ ਪਈਆਂ ਹਨ
ਯਾਦਾਂ ਮਨੁੱਖ ਦੀ ਚੇਤਨਤਾ 'ਚ
ਨਿੱਘ ਵਾਂਗ ਮੱਘਦੀਆਂ ਹਨ
ਜਲ ਵਾਂਗ ਤੁਰਦੀਆਂ ਹਨ
ਸਵਾਸਾਂ ਵਾਂਗ ਜਿਉਂਦੀਆਂ ਹਨ।
-0-
ਬਚਪਣ ਦੀਆਂ ਯਾਦਾਂ
ਰਿੜਨ ਦੀਆਂ, ਤੁਰਨ ਦੀਆਂ
ਤੇ ਤੋਤਲੀ ਜ਼ੁਬਾਨ 'ਚੋਂ
ਮਾਂ..... ਮਾਂ..... ਮਾਂ..
ਸ਼ਬਦ ਨਿਕਲਣ ਦੀਆਂ ਯਾਦਾਂ
ਮਨੁੱਖ ਦੇ ਜ਼ਿਹਨ 'ਚ
ਉਹ ਰਸ ਘੋਲਦੀਆਂ ਹਨ
ਜਿਸ 'ਚ ਗੁਆਚਾ ਮਨੁੱਖ
ਯਾਦਾਂ ਜਿਉਂਦਾ, ਬੱਚਾ ਬਣ ਜਾਂਦਾ ਹੈ
ਰਿੜਨਾ ਅਤੇ ਤੁਰਨਾ ਸ਼ੁਰੂ ਕਰਦਾ ਹੈ।
-0-
ਜਵਾਨੀ ਦੀਆਂ ਯਾਦਾਂ, ਗਰਮ ਹਵਾ ਅਤੇ
ਅੱਥਰੇ ਦਰਿਆਵਾਂ ਵਰਗੀਆਂ ਯਾਦਾਂ
ਇੱਕ ਹੁਲਾਸ, ਇੱਕ ਨਸ਼ਾ, ਇੱਕ ਖ਼ੁਮਾਰੀ
ਬੇਪ੍ਰਵਾਹੀ ਅਤੇ ਅਵਾਰਗੀ ਜਿਉਂਦੀ
ਜਵਾਨੀ ਦੀਆਂ ਯਾਦਾਂ
ਅੱਖਾਂ ਦੇ ਹੱਸਣ ਦੀਆਂ ਯਾਦਾਂ
ਅੱਖਾਂ ਦੇ ਲੜਣ ਦੀਆਂ ਯਾਦਾਂ
ਦਿਲ ਨੂੰ ਨੂਰ ਨੂਰ ਕਰਦੀਆਂ ਹਨ

ਨਜ਼ਰ 'ਚ ਫੈਲੀ ਪੱਤਝੜ ਦੀ ਤਲੀ 'ਤੇ
ਬਹਾਰਾਂ ਧਰਦੀਆਂ ਹਨ।
-0-
ਮੌਸਮ ਦੀ ਤਬਦੀਲੀ ਦਾ ਅਹਿਸਾਸ
ਰੁੱਤਾਂ ਦੇ ਆਗਮਨ ਦਾ ਤਾਲ
ਕਰੂੰਬਲਾਂ ਦਾ ਟਹਿਣੀ 'ਚੋਂ ਪੁੰਗਰਨਾ
ਜੰਗਲ 'ਚੋਂ ਹਵਾ ਦਾ ਸ਼ੂਕਣਾ ਤੇ ਗੁਜ਼ਰਨਾ
ਆਲ੍ਹਣੇ 'ਚੋਂ ਬੋਟਾਂ ਦੀਆਂ ਚੁੰਝਾਂ ਦੀ ਆਵਾਜ਼
ਸੂਰਜ ਦਾ ਚੜ੍ਹਨਾ ਅਤੇ ਅਸਤ ਹੋਣਾ
ਚੰਨ ਦੀ ਚਾਨਣੀ
ਤੇ ਅੰਬਰ ਤੇ ਤਾਰਿਆਂ ਦਾ ਜਾਲ
ਸਜਰੀ ਸੁਬਾਹ ਤੇ ਪੈਰਾਂ ਨੂੰ ਵਾਟ
ਅੰਬਰ ਘੁੰਮਦੀ ਜਵਾਨੀ
ਜਦ ਧਰਤ 'ਤੇ ਪੈਰ ਧਰਦੀ ਹੈ
ਧਰਤ ਹੋਕਾ ਭਰਦੀ ਹੈ
ਅੰਬਰ ਦੀ ਅੱਖ 'ਚ ਤਰਦੀ ਹੈ।
-0-
ਕੁਝ ਯਾਦਾਂ
ਅੱਖਾਂ 'ਚੋਂ ਅਥਰੂ ਜਨਮਦੀਆਂ ਹਨ
ਕਬਰਾਂ 'ਚੋਂ ਜ਼ਿੰਦਗੀ ਜਨਮਦੀਆਂ ਹਨ
ਤੇ ਇਹ ਜ਼ਿੰਦਗੀ
ਮਨੁੱਖ ਤੇ ਭੂਤ ਤੋਂ ਭਵਿੱਖ ਤੱਕ ਫੈਲ ਜਾਂਦੀ ਹੈ
ਇੱਕ ਨਦੀ ਵਾਂਗ ਜੋ ਆਪਣੇ ਨਾਲ
ਇੱਕ ਸੰਸਾਰ ਲੈ ਵਗਦੀ ਹੈ
ਅੱਖ ਪੱਥਰ 'ਚ ਗਤੀ ਮਹਿਸੂਸ ਕਰਦੀ ਹੈ
ਚੇਤਨਾ ਸੁਕਿਆਂ ਰੁੱਖਾਂ 'ਚੋਂ ਬਹਾਰਾਂ ਜਨਮਦੀ ਹੈ
ਫੁੱਲ ਖਿੜਦੇ ਹਨ
ਖੁਸ਼ਬੂ ਰੂਹ ਤੱਕ ਫੈਲ ਜਾਂਦੀ ਹੈ।
-0-
ਯਾਦਾਂ ਦੇਂ ਹਜੂਮ 'ਚ
ਮੌਤ ਜ਼ਿੰਦਗੀ ਬਣ ਕੰਧਾਂ, ਕੋਠਿਆਂ

ਬਨੇਰਿਆਂ ਤੇ ਵਿਹੜਿਆਂ 'ਚ ਨਚਦੀ ਹੈ
ਮਨੁੱਖ ਦੀ ਆਪਣੀ ਲੀਲਾ ਹੀ
ਮਨੁੱਖ ਨੂੰ ਦੱਸਦੀ ਹੈ, ਮਨੁੱਖ ਦੀਆਂ ਯਾਦਾਂ ਹੀ
ਮਨੁੱਖ ਦੀ ਹਸਤੀ ਹੈ
ਮਨੁੱਖ ਆਪਣੇ ਆਪ 'ਚ
ਹੱਸਦੀ ਵਸਦੀ ਬਸਤੀ ਹੈ।

-0-

ਯਾਦਾਂ ਮਨੁੱਖ ਜੀਵਨ ਗਤੀ ਦਾ ਸਾਹ ਹਨ
ਖੇੜੇ ਤੱਕ ਅਪੜਨ ਦਾ ਇਕ ਰਾਹ ਹਨ
ਯਾਦਾਂ ਬਿਨ ਮਨੁੱਖ ਇਕ ਸ਼ਮਸ਼ਾਨ ਹੈ
ਆਪਣੇ ਅੰਦਰ ਤੇ ਬਾਹਰ ਫੈਲੀ ਅਗਤੀ ਹੈ
ਜਿਸ ਦੀ ਦਿਲ ਦੀ ਧਰਤੀ 'ਚੋਂ
ਕੋਈ ਕਰੂੰਬਲ ਨਹੀਂ ਫੁਟਦੀ
ਕੋਈ ਸੂਰਜ ਨਹੀਂ ਚੜ੍ਹਦਾ
ਕੋਈ ਧੁੱਪ ਨਹੀਂ ਉੱਗਦੀ
ਇੱਕ ਬੰਜਰ ਜ਼ਿਮੀਂ ਹੈ
ਲੱਖ ਬਰਸਾਤਾਂ 'ਚ ਵੀ
ਜਿਸ 'ਤੇ ਹਰਿਆਵਲ ਨਹੀਂ ਦਿਸਦੀ
ਕੋਈ ਪੱਤਾ ਨਹੀਂ ਫੁੱਟਦਾ
ਕੋਈ ਬੀਜ਼ ਨਹੀਂ ਪੁੰਗਰਦਾ।

-0-

ਯਾਦਾਂ ਉਹ ਸ਼ੀਸ਼ਾ ਹਨ
ਜਿਸ 'ਚੋਂ ਮਨੁੱਖ ਆਪਣਾ ਚਿਹਰਾ ਵੇਖ ਸਕਦਾ ਹੈ
ਆਪਣੇ ਨੈਣ ਨਕਸ਼ ਨਿਹਾਰ ਸਕਦਾ ਹੈ
ਭੀੜ 'ਚ ਗੁਆਚਾ ਵੀ
ਆਪਣੇ ਆਪ ਨੂੰ ਪਹਿਚਾਣ ਸਕਦਾ ਹੈ
ਆਪਣੀ ਜ਼ਿੰਦਗੀ ਦਾ
ਇੱਕ ਇੱਕ ਬੀਤਿਆ ਪਲ ਮਾਨ ਸਕਦਾ ਹੈ
ਆਪਣਾ ਗ਼ਮ, ਆਪਣੀ ਖੁਸ਼ੀ
ਯਾਦਾਂ ਦੇ ਸਹਾਰੇ ਜਾਣ ਸਕਦਾ ਹੈ

-0-

ਯਾਦਾਂ ਜੋ ਜਨਮ ਤੋਂ ਕਬਰ ਤੱਕ ਫੈਲੀਆਂ ਹਨ
ਮਨੁੱਖ ਦੇ ਅਤੀਤ ਤੋਂ ਭਵਿੱਖ ਤੱਕ ਪਸਰੀਆਂ ਹਨ
ਮਨੁੱਖ ਨਾਲ ਜਨਮਦੀਆਂ ਹਨ
ਮਨੁੱਖ ਨਾਲ ਮਰਦੀਆਂ ਨਹੀਂ
ਇਹ ਨਿੱਘੀਆਂ ਨਿੱਘੀਆਂ ਯਾਦਾਂ
ਪੋਹ ਦੀਆਂ ਠੰਡੀਆਂ ਰਾਤਾਂ ਵਿੱਚ ਵੀ ਠਰਦੀਆਂ ਨਹੀਂ।
-0-
ਮਨੁੱਖ ਯਾਦਾਂ ਦਾ ਹਜੂਮ ਹੈ
ਯਾਦਾਂ ਮਨੁੱਖ ਦੀ ਦੇਹ 'ਚ
ਸਮੁੰਦਰ ਵਾਂਗ ਫੈਲੀਆਂ ਪਈਆਂ ਹਨ
ਅਕਾਸ਼ ਵਾਂਗ ਛਾਈਆਂ ਪਈਆਂ ਹਨ
ਧਰਤ ਵਾਂਗ ਵਿਛੀਆਂ ਪਈਆਂ ਹਨ।
-0-

## ਲਹੂ ਦੇ ਪਰਦੇ

ਰੌਸ਼ਨੀ
ਖ਼ੁਦ ਪੈਰਾਂ ਦੀਆਂ ਉਂਗਲਾਂ 'ਤੇ
ਅੱਖਾਂ ਬਣ ਕੇ ਜਗੀ
ਬਸ ਮੈਂ ਹੀ ਸਾਂ
ਰਗਾਂ 'ਚ ਪਸਰੇ ਹਨ੍ਹੇਰੇ ਤੋਂ
ਵਾਕਿਫ਼ ਨਾ ਮੁਕਤ।
-0-
ਚਾਨਣ ਜਦ ਦੇਹ ਦੀ ਸਰਦਲ 'ਤੇ ਆ ਢੁੱਕਾ
ਪੈਂਡਾ ਸੰਸਿਆਂ ਦੀ ਰਾਤ ਦਾ ਮੁੱਕਾ।
-0-
ਮੈਂ ਆਪਣੇ ਖ਼ੂਨ 'ਚ ਉਬਲਿਆ ਹਾਂ ਇਸ ਕਦਰ
ਕਿ ਅਗਨ ਡੀਕ ਸਕਦਾ ਹਾਂ
ਸੂਰਜ ਚੱਬ ਸਕਦਾ ਹਾਂ
ਅਜੋਕਾ ਮਨੁੱਖ ਹਾਂ
ਮੈਂ ਪੱਥਰ ਖ਼ੁਦਾ ਰੁੱਖ ਹਾਂ।
-0-
ਆਪਣਾ ਹੀ ਤਾਂ ਚਿਹਰਾ ਹੈ
ਦੁਆਲੇ ਪਸਰਿਆ
ਪਹਿਚਾਣ ਨੂੰ ਰਗਾਂ ਦਾ ਹੈ
ਕਿਉਂ ਫਿਰ ਆਸਰਾ
ਆਪਣੇ 'ਤੇ ਪੈਰ ਧਰ ਜਦ ਲੰਘ ਜਾਂਦਾ ਹਾਂ
ਅਹਿਸਾਸ ਦੀ ਸੂਲੀ 'ਤੇ ਸੱਚ ਟੰਗ ਜਾਂਦਾ ਹਾਂ।
-0-
ਜ਼ਿੰਦਗੀ ਤੇ ਮੈਂ
ਇੱਕ ਸਿੱਕੇ ਦੇ ਦੋ ਪਾਸੇ ਨਹੀਂ
ਹਜੂਮ, ਹੰਗਾਮਾ, ਸ਼ੋਰ
ਮੈਂ ਸਾਰੇ ਦਾ ਸਾਰਾ ਚੀਕ 'ਚ ਤਾਂ ਬਦਲਿਆ
ਸ਼ੂਨਯ ਪਹਾੜ ਦੇ ਜਿਗਰ 'ਚੋਂ
ਲਾਵਾ ਬਣ ਕੇ ਨਿਕਲਿਆ
-0-

ਖਾਮੋਸ਼
ਇੱਕ ਸਾਗਰ ਜਿਹਾ
ਜ਼ਿਹਨ 'ਚ
ਥਲ ਵਾਂਗ ਹੈ ਭੁਰਦਾ ਪਿਆ
ਜ਼ਿੰਦਗੀ ਦੀ ਅੱਖ 'ਚ ਹੈ ਆਦਮੀ
ਰਾਹਾਂ 'ਚ ਉੱਗੇ ਕੱਚ 'ਤੇ ਤੁਰਦਾ ਪਿਆ
ਭੀੜ ਇਕੱਲ ਦੀ ਜੂਨ ਹੈ ਹੰਢਾਈ
ਜ਼ਿੰਦਗੀ ਮੁੰਦ ਕੇ ਅੱਖਾਂ ਖਾਮੋਸ਼ੀ ਖਾ ਰਹੀ
ਕੱਚ 'ਤੇ ਮੁਸਕਰਾ ਰਹੀ
ਰੱਤ 'ਚ ਨਹਾ ਰਹੀ
ਮਨੁੱਖ 'ਚੋਂ ਹੈ ਜ਼ਿੰਦਗੀ
ਨੁਚੜਦੀ ਹੀ ਜਾ ਰਹੀ
ਜ਼ਿੰਦਗੀ 'ਚੋਂ
ਸਿਫ਼ਰਿਆਂ ਦਾ ਫਸਲ ਉੱਗਦੀ ਆ ਰਹੀ।
-0-

## ਪਿਆਰ

ਪਿਆਰ ਉਹ ਜਜ਼ਬਾ ਹੈ
ਜੋ ਮਨੁੱਖ 'ਚੋਂ ਕਿਰਨਾਂ ਵਾਂਗ ਫੁੱਟਦਾ ਹੈ
ਸਮੰਦਰ 'ਚ ਜਲ ਦੀ ਸਵੱਛਤਾ ਵਾਂਗ ਤੈਰਦਾ ਹੈ
ਅੰਬਰ 'ਚ ਗੂੰਜ ਵਾਂਗ ਠਹਿਰਦਾ ਹੈ
ਪੌਣ 'ਚ ਵੇਗ ਵਾਂਗ ਜਿਉਂਦਾ ਹੈ
ਅੱਗ 'ਚ ਰੌਸ਼ਨੀ ਬਣ ਕੇ ਵਿਚਰਦਾ ਹੈ
ਜਲ 'ਚ ਜਲ ਦੀ ਸ਼ੀਤਲਤਾ ਸਿਰਜਦਾ ਹੈ
ਧਰਤ 'ਚ ਸੁਗੰਧ ਵਾਂਗ ਵਿਚਰਦਾ ਹੈ।

-0-

ਪਿਆਰ ਮਨੁੱਖ ਦੀ ਪਹਿਚਾਣ ਹੈ
ਜੀਵਨ ਗਤੀ ਦਾ ਮੂਲ ਹੈ
ਜੀਵਨ ਰੁੱਖ ਦੀ ਹਰਿਆਵਲ ਹੈ
ਪਿਆਰ ਜੀਵਨ ਰੁੱਖ ਦੀਆਂ ਜੜ੍ਹਾਂ ਦੁਆਲੇ
ਵਗਦਾ ਦਰਿਆ ਹੈ
ਇਕੱਲਤਾ 'ਚ ਰੌਣਕ ਹੈ
ਰੌਣਕ 'ਚ ਚਾਅ ਹੈ
ਬੰਦੇ ਲਈ ਰੱਬ ਤੱਕ ਅਪੜਨ ਦਾ
ਇੱਕ ਰਾਹ ਹੈ
ਜੀਵਨ ਖੇੜੇ ਲਈ
ਪਿਆਰ ਜੀਵਨ ਦਾ ਸਾਹ ਹੈ।

-0-

ਪਿਆਰ ਉਹ ਮਾਂ ਹੈ
ਜੋ ਸੰਸਾਰਕ ਰਿਸ਼ਤਿਆਂ ਨੂੰ ਜਨਮਦੀ ਹੈ
ਲਹੂ ਦੇ ਰਿਸ਼ਤੇ, ਦੋਸਤੀ ਦੇ ਰਿਸ਼ਤੇ
ਆਪਣੀ ਧੁੱਪ ਦੇ ਰਿਸ਼ਤੇ, ਛਾਂ ਦੇ ਰਿਸ਼ਤੇ
ਨਜ਼ਰ ਆਕਰਸ਼ਣ ਦੇ ਰਿਸ਼ਤੇ
ਨਜ਼ਰ 'ਚੋਂ ਗਿਰਨ ਦੇ ਰਿਸ਼ਤੇ
ਲਹੂ ਮਾਸ ਦੇ ਰਿਸ਼ਤੇ
ਖੁਸ਼ੀ ਗਮੀ ਦੇ ਰਿਸ਼ਤੇ
ਅੱਖਾਂ ਦੇ ਅਥਰੂ ਦੇ ਰਿਸ਼ਤੇ

ਜਨਮ ਮਰਨ ਦੇ ਰਿਸ਼ਤੇ
ਪ੍ਰਕਿਰਤੀ ਦੇ ਰਿਸ਼ਤੇ
ਆਪਣੇ ਆਪ ਸੰਗ ਸ੍ਰਿਸ਼ਟੀ ਦੇ ਰਿਸ਼ਤੇ
ਉਦਾਸੀ, ਰੌਣਕ, ਖਾਮੋਸ਼ੀ, ਸ਼ੋਰ ਦੇ ਰਿਸ਼ਤੇ
ਮੌਸਮ, ਬਹਾਰਾਂ, ਸਮਾਂ ਤੇ ਅਵਾਰਗੀ ਦੇ ਰਿਸ਼ਤੇ
ਸਭ ਪਿਆਰ ਦੀ ਗਰਭ 'ਚੋਂ ਜਨਮਦੇ ਹਨ
ਮਨੁੱਖ ਦੀ ਦ੍ਰਿਸ਼ਟੀ 'ਚ ਪਲਦੇ ਹਨ
ਉੱਗਦੇ, ਪੁੰਗਰਦੇ ਤੇ ਝੜਦੇ ਹਨ।
-0-
ਪਿਆਰ ਮਨੁੱਖ ਦਾ ਵਿਸਥਾਰ ਹੈ
ਅੰਦਰ ਹੈ, ਬਾਹਰ ਹੈ, ਮਨੁੱਖ ਇਸ ਵਿਚਕਾਰ ਹੈ
ਪਿਆਰ ਦੇ ਰੁੱਖ ਜੋ ਮਨੁੱਖ ਆਪਣੇ
ਦੁਆਲੇ ਉਗਾਉਂਦਾ ਹੈ
ਇਸ ਦੀ ਠੰਡੀ ਛਾਵੇਂ
ਆਪਣੀ ਧੁੱਪ ਨਹਾਉਂਦਾ ਹੈ
ਹਰਿਆਵਲ ਦਾ ਦਿਸਹੱਦਾ
ਆਪਣੀ ਨਜ਼ਰ ਹੇਠ ਵਿਛਾਉਂਦਾ ਹੈ
ਪਿਆਰ 'ਚ ਸਾਗਰ
ਆਪਣੇ ਜਲ ਨਹਾਉਂਦਾ ਹੈ
ਪਿਆਰ 'ਚ ਦਰਿਆ
ਆਪਣੇ ਕੰਢੇ ਗਲ ਨਾਲ ਲਾਉਂਦਾ ਹੈ
ਪਿਆਰ 'ਚ ਪਹਾੜ ਤੁਰਦਾ ਹੈ
ਆਪਣੀ ਤੇ ਜੰਗਲ ਦੀ ਵਿੱਥ ਮਿਟਾਉਂਦਾ ਹੈ
ਪਿਆਰ 'ਚ ਨਦੀਆਂ ਆਪਣਾ ਜਲ ਜਨਮਦੀਆਂ ਹਨ
ਪਿਆਰ 'ਚ ਸਹਿਰਾ ਸਾਗਰ ਬੁੱਲ੍ਹੀਂ ਲਾਉਂਦਾ ਹੈ
ਪਿਆਰ 'ਚ ਪ੍ਰਭੂ ਪ੍ਰਭੁਤਾ ਹੈ
ਪਿਆਰ 'ਚ ਬੰਦਾ
ਬੰਦੇ ਤੋਂ ਆਪਣਾ ਰੱਬ ਕਹਾਉਂਦਾ ਹੈ।
-0-

ਪਿਆਰ ਬਿਨਾਂ
ਜੀਵਨ ਤਪਦਾ ਸੜਦਾ ਥਲ ਹੈ
ਤੇ ਮਾਨਵ ਇੱਕ ਸੁੱਕਾ ਰੁੱਖ ਹੈ
ਜ਼ਿੰਦਗੀ ਸੁੱਕੀ ਨਦੀ ਦੇ ਵਾਂਗ
ਆਪਣੀ ਹੀ ਪਰਕਰਮਾ ਕਰਦੀ
ਸੁੱਕ ਜਾਂਦੀ ਹੈ ਸੜ ਜਾਂਦੀ ਹੈ ਮੁਕ ਜਾਂਦੀ ਹੈ
ਧਰਤੀ ਦੀ ਹਰਿਆਲੀ ਗਰਭ 'ਚ
ਸੁੱਕੇ ਛੱਪੜ ਵਾਂਗ ਤਰੇੜਾਂ ਆ ਜਾਂਦੀਆਂ ਹਨ
ਪੱਤਝੜ ਦੀ ਇੱਕ ਫੇਰੀ
ਸਭ ਬਹਾਰਾਂ ਖਾਂ ਜਾਂਦੀ ਹੈ
ਮੌਸਮ ਦੇ ਬੁੱਲ੍ਹ ਫਟ ਜਾਂਦੇ ਹਨ
ਜੰਗਲੀ ਧੁੱਪਾਂ ਛਾਅ ਜਾਂਦੀਆਂ ਹਨ
ਸਾਗਰ ਸੁੱਕ ਕੇ ਆਪਣੀ ਹਸਤੀ ਕਬਰ ਬਣਾ ਲੈਂਦਾ ਹੈ
ਨਦੀਆਂ ਦਰਿਆਵਾਂ ਵਿਚ ਧੂੜਾਂ ਉਡਦੀਆਂ ਹਨ
ਅੰਬਰ ਆਪਣਾ ਸਾਇਆ, ਧਰਤੀ ਸਿਰੋਂ ਹਟਾ ਲੈਂਦਾ ਹੈ
ਸਾਰੇ ਪਾਸੇ ਸੋਗ ਫੈਲਦਾ
ਮਨੁੱਖ ਦੇ ਜੀਵਨ ਵਿਚੋਂ ਖੇੜਾ
ਆਪਣਾ ਆਪ ਉਠਾ ਲੈਂਦਾ ਹੈ।
–0–
ਪਿਆਰ ਬਿਨਾਂ
ਮਨੁੱਖ ਦੇ ਆਸੇ ਪਾਸੇ ਇਕ ਵਿਰਾਨੀ ਪਸਰਦੀ ਹੈ
ਜੋ ਮਨੁੱਖੀ ਰੌਣਕ ਖਾ ਜਾਂਦੀ ਹੈ
ਮਨੁੱਖੀ ਦੇਹ ਦਾ
ਜਲ ਸੰਗ ਭਰਿਆ ਖੂਹ ਮੁਕਾ ਜਾਂਦੀ ਹੈ
ਅੰਬਰ ਨੂੰ ਅੱਗ ਲਾ ਜਾਂਦੀ ਹੈ
ਪ੍ਰਕਿਰਤੀ ਕੋਇਲੇ ਕਰ ਜਾਂਦੀ ਹੈ
ਇਹ ਵਿਰਾਨੀ ਮਨੁੱਖ ਦੀ ਤਲੀ 'ਤੇ
ਜਿਉਂਦੀ ਮੌਤ ਨੂੰ ਧਰ ਜਾਂਦੀ ਹੈ
ਜੀਵਨ ਦਾ ਰਸ ਸੁੱਕ ਜਾਂਦਾ ਹੈ
ਬੰਦਾ ਜਨਮ ਤੋਂ ਪਹਿਲਾਂ ਹੀ ਮੁੱਕ ਜਾਂਦਾ ਹੈ।
–0–

ਪਿਆਰ ਬਿਨਾਂ
ਮਨੁੱਖ ਦੁਆਲੇ ਇਕ ਹਨ੍ਹੇਰਾ ਛਾ ਜਾਂਦਾ ਹੈ
ਰਾਤ ਮੁੱਕਣ ਤੋਂ ਪਹਿਲਾਂ ਹੀ
ਮਨੁੱਖ ਦੀ ਸਰਘੀ ਖਾ ਜਾਂਦਾ ਹੈ
ਹਨੇਰੇ ਦੀ ਪ੍ਰਕਰਮਾ ਕਰਦਾ
ਮਨੁੱਖ ਹਨੇਰਾ ਹੋ ਜਾਂਦਾ ਹੈ
ਮਨੁੱਖ ਦੀ ਦੇਹ ਤੋਂ ਚੇਤਨਤਾ ਤੱਕ ਦਾ
ਸਫ਼ਰ ਹਨੇਰਾ ਕਰਦਾ ਹੈ
ਮਨੁੱਖ ਨੂੰ ਚਾਨਣ ਨਜ਼ਰ ਨਹੀਂ ਆਉਂਦਾ
ਸੌ ਸੂਰਜ ਤਲੀ 'ਤੇ ਧਰਤਾ ਹੈ
ਇਹ ਹਨੇਰਾ ਮੌਤ ਤੋਂ ਭਿਅੰਕਰ ਹੈ
-0-
ਮੌਤ ਹਨੇਰਾ ਮੁਰਦੇ ਵਿੱਚ ਹੈ
ਇਹ ਹਨੇਰਾ ਜਿਉਂਦੇ ਜੀਅ ਨਿਰੰਤਰ ਹੈ
ਸੋਚ ਦ੍ਰਿਸ਼ਟੀ ਤੇ ਦੇਹ ਸਾਰੀ
ਹਨੇਰ ਜਿਉਂਦੀ ਹਨੇਰ ਹੰਢਾਉਂਦੀ
ਆਪਣੇ ਅੰਦਰ ਤੇ ਦੁਆਲੇ
ਮੌਤ ਦੇ ਸੰਘਣੇ ਰੁੱਖ ਉਗਾਉਂਦੀ
ਇਹਨਾਂ ਰੁੱਖਾਂ ਨੂੰ
ਜ਼ਿੰਦਗੀ ਦਾ ਫਲ ਲਗ ਨਹੀਂ ਸਕਣਾ
ਇਹਨਾਂ ਰੁੱਖ ਵਿੱਚੋਂ ਜ਼ਿੰਦਗੀ
ਨਦੀ ਦੇ ਵਾਂਗ ਵਗ ਨਹੀਂ ਸਕਣਾ
-0-
ਪਿਆਰ ਉਹ ਜਜ਼ਬਾ ਹੈ
ਜੋ ਮਨੁੱਖ 'ਚੋਂ ਕਿਰਨਾਂ ਵਾਂਗ ਫੁਟਦਾ ਹੈ
ਸਮੁੰਦਰ 'ਚ ਜਲ ਦੀ ਸਵੱਛਤਾ ਵਾਂਗ ਤੈਰਦਾ ਹੈ
ਅੰਬਰ 'ਚ ਗੂੰਜ ਵਾਂਗ ਠਹਿਰਦਾ ਹੈ
ਪੌਣ 'ਚ ਵੇਗ ਵਾਂਗ ਜਿਉਂਦਾ ਹੈ
ਅੱਗ 'ਚ ਰੌਸ਼ਨੀ ਬਣ ਕੇ ਵਿਚਰਦਾ ਹੈ
ਜਲ 'ਚ ਜਲ ਦੀ ਸ਼ੀਤਲਤਾ ਸਿਰਜਦਾ ਹੈ
ਧਰਤ 'ਚ ਸੁਗੰਧ ਵਾਂਗ ਵਿਚਰਦਾ ਹੈ
-0-

## ਚਿਹਰੇ 'ਤੇ ਉੱਗਿਆ ਜੰਗਲ

ਮੈਂ ਜਦੋਂ ਅੰਦਰ ਧੁਖਿਆ ਹਾਂ
ਬਾਹਰ ਬਲਿਆ ਤੇ ਜਗਿਆ ਹਾਂ
ਕੂਕਨੂਸੀ ਕਥਾ ਤੱਕ ਹੀ ਸੀਮਤ ਨਹੀਂ
ਜੀਵਨ ਮ੍ਰਿਤਯੂ ਤੇ ਮੇਰਾ ਦੁਖਾਂਤ।
-0-
ਉਹ ਦੀਪਕ ਰਾਗ ਗਾਉਂਦਾ ਹੈ
ਮਰ ਕੇ ਜੰਮਣ ਲਈ
ਮੈਂ ਸਾਰੀ ਉਮਰ ਆਪਣੇ ਆਪ 'ਚੋਂ
ਆਪਣਾ ਵਿਰੋਧ ਜਨਮਿਆ ਹੈ
ਇੱਕ ਪਲ ਜਿਉਂ ਕੇ ਮਰਨ ਲਈ।
-0-
ਮੈਂ ਕਦੀ ਨਿਰੀ ਜੀਭਾ
ਕਦੇ ਨਿਰੀ ਅੱਖ ਬਣ
ਆਪਣੀ ਖੋਪਰੀ 'ਚ ਉੱਗੇ ਉਸਤਰਿਆਂ
ਤੇ
ਜੜ੍ਹ ਤੋਂ ਪਹਾੜ ਉਖਾੜਣ ਵਾਲੀ ਹਨੇਰੀ
ਦੀ ਅੱਖ 'ਚ ਤੱਕਿਆ ਹੈ
ਸੁਰਤੀ ਚੁੰਧਿਆ ਦੇਣ ਵਾਲੇ
ਜਲ ਦੀ ਬੁਕਲੇ
ਕੱਚ ਦਾ ਸ਼ਹਿਰ ਤੱਕਿਆ ਹੈ
ਮੈਂ ਆਪਣੇ ਖੌਫ਼ ਨੂੰ
ਜਦ ਸਿਰ ਤਲੀ 'ਤੇ ਧਰ ਕੇ ਵਰਿਆ ਹੈ।
-0-
ਜੰਗਲੀ ਧੜ 'ਤੇ, ਸ਼ੀਸ਼ੇ ਦਾ ਸਿਰ
ਅਸਭਿਅਕ ਅਵਾਰਾ ਲਹੂ
ਹਰ ਰੁੱਖ ਦਾ ਚਿਹਰਾ ਸਰਾਪਿਆ ਲੱਗੇ
ਇਹ ਹਜੂਮ ਸ਼ੀਸ਼ੇ ਦੇ ਰੁੱਖਾਂ ਦਾ
ਜੰਗਲ ਦੇ ਲਹੂ 'ਚੋਂ ਉੱਗੇ
ਤੇ ਮਸਤਕ 'ਚ ਮਰੇ
-0-

ਮੈਂ ਜਦ ਕੋਈ ਵਸਤੂ ਜਾਂ ਮਨੁੱਖ
ਸਵੈ-ਖੌਫ਼ 'ਚ ਡੁੱਬਿਆ ਤੱਕਿਆ
ਜ਼ਿੰਦਗੀ ਮੈਨੂੰ.
ਤੇ ਮੈਂ ਜ਼ਿੰਦਗੀ ਨੂੰ ਅਜਨਬੀ ਲਗਿਆ
ਦਰਿਆਈ ਵੇਗ ਦੇ ਉਲਟ ਹੋ ਤਰਿਆ
ਹਨੇਰੀ ਦੇ ਖਿਲਾਫ ਹੋ ਵਗਿਆ।
-0-
ਮੈਂ ਨਿਰੀ ਮਿੱਟੀ ਨਹੀਂ
ਲਹੂ ਮਾਸ ਦਾ ਜਗਦਾ ਚਿਰਾਗ ਹਾਂ
ਆਪਣੀ
ਜਮਾਂ, ਮਨਫ਼ੀ, ਜ਼ਰਬ ਤਕਸੀਮ ਦੇ ਚੁਫੇਰੇ 'ਚ
ਆਪਣੇ ਮੂੰਹ 'ਤੇ ਲਿਖਿਆ
ਆਪਣਾ ਹਿਸਾਬ ਹਾਂ।
-0-

## ਜ਼ਿੰਦਗੀ

ਜ਼ਿੰਦਗੀ ਆਪਣੇ ਆਪ 'ਚ
ਇੰਨਾ ਅੱਗੇ ਨਿਕਲ ਆਈ
ਕਿ ਦੁਨੀਆਂ ਪਿੱਛੇ ਰਹਿ ਗਈ
ਜ਼ਿੰਦਗੀ ਆਪਣਾ ਆਪਾਂ ਭਾਲਦੀ
ਇਕ ਵਾਰ
ਫਿਰ ਇਕੱਲੀ ਰਹਿ ਗਈ।

-0-

ਜ਼ਿੰਦਗੀ ਦਾਇਰਿਆਂ 'ਚ ਜਿਉਂਦੀ
ਦਾਇਰਿਆਂ 'ਚ ਮਰਦੀ
ਦਾਇਰੇ ਸਿਰਜੰਦੀ
ਦਾਇਰੇ ਵਿਸਥਾਰਦੀ
ਖੇਤਰਫਲ 'ਚ ਦਾਇਰੇ
ਦਾਇਰਿਆਂ 'ਚ ਖੇਤਰਫਲ ਉਤਾਰਦੀ।

-0-

ਜ਼ਿੰਦਗੀ ਦਾਇਰਿਆਂ ਦੇ ਖੇਤਰਫਲ
'ਚ ਉੱਗਿਆ
ਹਾਦਸਿਆਂ ਦਾ ਜੰਗਲ ਹੈ
ਜਿਸ 'ਚੋਂ ਲੰਘਦਾ ਲੰਘਦਾ ਮਨੁੱਖ
ਥੱਕ ਜਾਂਦਾ ਹੈ, ਟੁੱਟ ਜਾਂਦਾ ਹੈ
ਕਈ ਵਾਰ ਮੁੱਕ ਜਾਂਦਾ ਹੈ।

-0-

ਜ਼ਿੰਦਗੀ ਦਾਇਰੇ ਜਿਉਂਦੀ
ਆਪਣੇ ਜਿਹਾ ਸੰਸਾਰ ਦੁਆਲੇ ਸਿਰਜਦੀ
ਆਪਣੀ ਮਰਜ਼ੀ ਤੋਂ ਸ਼ੁਰੂ ਹੋ ਕੇ
ਆਪਣੀ ਮਰਜ਼ੀ 'ਤੇ ਮੁਕਦੀ
ਆਪਣੇ ਦੁਆਲੇ ਆਪਣਾ ਚਿਹਰਾ ਉਗਾਉਂਦੀ
ਆਪਣੀ ਹਸਤੀ ਨੂੰ ਆਪਣੇ ਬੋਲ ਸੁਣਾਉਂਦੀ
ਆਪਣਾ ਤੋਂ ਉੱਚਾ ਆਪਣਾ ਆਪ ਕਹਾਉਂਦੀ
ਆਪਣੀ ਮਸਤੀ ਜਿਉਂਦੀ
ਆਪਣੇ ਵਜੂਦ ਦੇ ਵਸੀਹ

ਅਕਾਰ ਦਾ ਭਰਮ ਪਾਲਦੀ
ਆਪਣੀ ਖੁਸ਼ੀ 'ਚ
ਦੂਜੇ ਦਾਇਰਿਆਂ ਦੀ ਖੁਸ਼ੀ ਭਾਲਦੀ
ਆਪਣੇ ਰੰਗ 'ਚ ਵਗਦੀ
ਆਪਣੇ ਢੰਗ 'ਚ ਵਸਦੀ
ਆਪਣਾ ਦਾਇਰਾ ਜਿਉਂਦੀ ਜ਼ਿੰਦਗੀ
ਸੱਚੀ ਤੇ ਸੁੱਚੀ ਲਗਦੀ
ਸਭ ਤੋਂ ਉੱਚੀ ਲੱਗਦੀ।
-0-
ਦਾਇਰੇ 'ਚ ਜਿਉਂਦੀ ਜ਼ਿੰਦਗੀ
ਆਪਣੇ ਆਪ 'ਚੋਂ ਦੂਜਾ ਦਾਇਰਾ ਸਿਰਜਦੀ
ਉਸ ਦੇ ਬਿੰਦੂ ਨੂੰ ਪਹਿਚਾਣ ਦੀ
ਸਿਰਜੇ ਦਾਇਰੇ ਦੀ ਸੀਮਾ ਜਾਣਦੀ
ਦਾਇਰੇ ਵਿੱਚ ਵਸਦੀ ਜ਼ਿੰਦਗੀ
ਆਪਣੀ ਦੇਹ ਦੇ ਦਾਇਰੇ ਦਾ ਖੋਲ ਉਤਾਰਦੀ
ਆਪਣੀ ਦੇਹ ਦੇ ਦਾਇਰੇ ਦੀ ਸੀਮਾ ਭੁਲਦੀ
ਦਾਇਰੇ ਤੋਂ ਦਾਇਰੇ ਤੱਕ ਤੁਰਦੀ
ਜ਼ਿੰਦਗੀ ਦੀ ਸੰਕੀਰਨਤਾ ਖੁਲ੍ਹਦੀ।
-0-
ਜ਼ਿੰਦਗੀ 'ਚੋਂ ਵਿਸ਼ਾਲਤਾ ਅਤੇ ਅਸੀਮਤਾ ਜਨਮਦੀ
ਬਿੰਦੂ ਤੋਂ ਬਿੰਦੂ
ਦਾਇਰੇ ਤੋਂ ਦਾਇਰੇ ਤੱਕ ਤੁਰਦੀ ਜ਼ਿੰਦਗੀ
ਨਦੀ ਹੋ ਵਗਦੀ
ਨਦੀ ਦੀ ਤ੍ਰਿਸ਼ਨਾ ਸਾਗਰ ਭਾਲਦੀ
ਤੁਰਦੀ ਤੁਰਦੀ ਨਦੀ
ਆਪਣੇ ਆਪ ਨੂੰ ਸਾਗਰ 'ਚ ਉਤਾਰਦੀ
ਆਪਣੀ ਤ੍ਰਿਸ਼ਨਾ ਪੂਰਤੀ ਨਦੀ ਜਦ ਪਾਉਂਦੀ ਹੈ
ਨਦੀ ਨਦੀ ਨਹੀਂ
ਫਿਰ ਸਾਗਰ ਕਹਾਉਂਦੀ ਹੈ।
-0-

ਜ਼ਿੰਦਗੀ ਦਾਇਰਿਆਂ 'ਚ
ਸੂਰਜਾਂ ਦਾ ਕਾਫਲਾ ਹੈ
ਜੋ ਮਨੁੱਖ ਦਾ ਅੰਦਰ ਬਾਹਰ ਰੁਸ਼ਨਾਉਂਦਾ ਹੈ
ਮਨੁੱਖ ਨੂੰ ਸਾਗਰ ਤਰਨ
ਪਹਾੜ ਚੀਰਨ ਦਾ ਵੱਲ ਸਿਖਾਉਂਦਾ ਹੈ
ਮਨੁੱਖ ਆਪਣੇ ਅਤੀਤ 'ਚੋਂ
ਆਪਣਾ ਭਵਿੱਖ ਰੌਸ਼ਨ ਕਰਦਾ
ਪੈਰਾਂ 'ਚੋਂ ਰਾਹ
ਰਾਹ 'ਚੋਂ ਮੰਜ਼ਿਲਾਂ ਭਾਲਦਾ ਹੈ
ਆਪਣੀ ਪਿੱਠ 'ਤੇ ਉੱਗੇ ਜੰਗਲ 'ਚੋਂ
ਸ਼ੀਸ਼ੇ ਦੇ ਸ਼ਹਿਰ ਉਸਾਰਦਾ ਹੈ
ਆਪਣਾ ਆਪਾ ਹਰ ਮਨੁੱਖ 'ਚ ਉਤਾਰਦਾ ਹੈ
ਪਾਣੀ ਦੇ ਰਿਸ਼ਤਿਆਂ 'ਚੋਂ
ਲਹੂ ਦਾ ਸੰਸਾਰ ਉਸਾਰਦਾ ਹੈ
ਪੈਰਾਂ 'ਚ ਧਰਤ
ਸਿਰ 'ਤੇ ਮਰਜ਼ੀ ਦਾ ਅਕਾਸ਼ ਸਿਰਜਦਾ ਹੈ
ਆਪਣੇ ਵਜੂਦ 'ਚੋਂ ਸਮਾਜ ਜਨਮਦਾ ਹੈ
ਸਮਾਜ 'ਚੋਂ ਆਪਣਾ ਵਜੂਦ ਸਿਰਜਦਾ ਹੈ
-0-
ਜ਼ਿੰਦਗੀ ਦੀ ਇਕਾਈ ਲਈ
ਮਨੁੱਖੀ ਦਾਇਰਾ ਵੀ ਜ਼ਿੰਦਗੀ ਜਿਉਂਦਾ ਹੈ
ਆਪਣੇ ਆਪ ਨੂੰ ਦਾਇਰਿਆਂ 'ਚ ਜਮ੍ਹਾ ਕਰ ਕੇ
ਮਨੁੱਖਤਾ ਸਜਾਉਂਦਾ ਹੈ
ਆਪਣੇ ਸਵੈ ਨੂੰ ਵਿਸ਼ਵ ਦਾ ਰੂਪ ਦਿੰਦਾ ਹੈ
ਵਿਸ਼ਵ ਦੇ ਰੂਪ ਨੂੰ ਮਨੁੱਖਤਾ ਦਾ ਸਰੂਪ ਦਿੰਦਾ ਹੈ।
-0-
ਦਾਇਰਿਆਂ ਤੋਂ ਦਾਇਰਿਆਂ ਤੱਕ ਤੁਰਦੀ ਜ਼ਿੰਦਗੀ ਹੀ
ਜ਼ਿੰਦਗੀ ਦੀ ਇਕਾਈ ਹੈ
ਵੱਖ-ਵੱਖ ਦਾਇਰਿਆਂ 'ਚ ਪ੍ਰਗਟ ਜ਼ਿੰਦਗੀ
ਹੀ ਜ਼ਿੰਦਗੀ ਦੀ ਸਚਾਈ ਹੈ
ਜ਼ਿੰਦਗੀ ਦਾਇਰੇ ਦੇ ਅੰਦਰ ਵੀ ਹੈ ਬਾਹਰ ਵੀ ਹੈ
ਦਾਇਰੇ ਦਾ ਬਿੰਦੂ

ਦਾਇਰੇ ਤੋਂ ਬਾਹਰ ਝਾਕਣ ਰਹਿਤ ਹੈ
ਇਸ ਲਈ ਇਕੱਲਾ ਹੈ
ਲੋੜ ਹੈ ਦਾਇਰੇ ਦੇ ਬਿੰਦੂ ਨੂੰ
ਆਪਣੇ ਵਿੱਚ ਜਮਾਂ ਬੀਜਣ ਦੀ
ਤਾਂ ਕਿ ਬਿੰਦੂ
ਦਾਇਰੇ ਦੀ ਸੀਮਾ ਤੋਂ ਬਾਹਰ ਝਾਕ ਸਕੇ
ਆਪਣੇ ਆਪ ਨੂੰ ਦੂਜਿਆਂ ਦਾਇਰਿਆਂ 'ਚ ਉਤਾਰ ਸਕੇ
ਬਿੰਦੂ ਬਿੰਦੂਆਂ 'ਚ ਜਮਾਂ ਹੁੰਦਾ ਜਾਏ
ਤੇ ਆਪਣੇ ਦਾਇਰੇ ਦੀ ਸੀਮਾ ਨੂੰ
ਆਪਣੇ ਦੁਆਲੇ ਵਿਸਥਾਰ ਦਾ ਵਿਸਥਾਰ ਦਾ
ਵਿਸ਼ਵ ਦਾਇਰੇ ਦਾ ਰੂਪ ਹੋ ਜਾਏ।
-0-
ਜ਼ਿੰਦਗੀ ਆਪਣੇ ਆਪ 'ਚ ਇੰਨਾ ਅੱਗੇ ਨਿਕਲ ਆਈ
ਕਿ ਦੁਨੀਆਂ ਪਿੱਛੇ ਰਹਿ ਗਈ
ਜ਼ਿੰਦਗੀ ਆਪਣਾ ਆਪਾ ਭਾਲਦੀ
ਫਿਰ ਇਕੱਲੀ ਰਹਿ ਗਈ।
-0-

## ਦੇਹ 'ਚ ਝਾਕਦਾ ਸਾਇਆ

ਮੈਂ ਬੀਜ
ਆਪਣੇ ਆਪ 'ਚ ਰੁੱਖ ਸਮਾਈ ਬੈਠਾ ਹਾਂ
ਜੜ੍ਹ ਤੋਂ ਪੱਤੇ ਤੱਕ ਦੀਆਂ ਨਜ਼ਰਾਂ
ਬੀਜ ਤੋਂ ਰੁੱਖ ਵਿਚਲੇ ਰਾਹ ਤੇ ਕੇਂਦਰਿਤ ਹਨ
ਕਿ ਤਲੀ 'ਤੇ ਆਪਣਾ ਰੁੱਖ
ਮੈਂ ਕਿਹੜੀ ਦਿਸ਼ਾ 'ਚ ਉਗਾਉਂਦਾ ਹਾਂ
ਤੇ ਬਹਿ ਕੇ ਧੁਖਦਿਆਂ ਰੁੱਖਾਂ ਦੀ ਛਾਂ ਹੇਠਾਂ
ਕਿਸ ਹਵਾ ਨੂੰ ਰੋਂਦਾ ਹਾਂ
ਕਿਸ ਸੂਰਜੇ ਦੇ ਗੀਤ ਛੋਹਦਾ ਹਾਂ?
-0-
ਮੈਂ ਜੇ ਆਪਣੇ ਆਪ ਤੋਂ
ਨਿਰਲੇਪ ਹੋ ਕੇ ਉੱਗਾ
ਤਾਂ ਮੇਰੀ ਦੇਹ ਦੇ ਰੁੱਖ ਨੂੰ
ਸਿਰਾਂ ਦੇ ਫਲ ਲੱਗਣਗੇ
ਜਾਂ
ਮੇਰੀ ਦੇਹ ਤੋਂ ਪੰਛੀ
ਬੇਆਸੇ ਹੀ ਲੰਘਣਗੇ।
-0-
ਖਾਮੋਸ਼ ! ਸੋਚ ਗ੍ਰਸਤ
ਸ਼ੂਨਯ ਹੋ ਤੁਰ ਪਿਆ ਹਾਂ
ਮੱਥੇ ਦਾ ਦੀਵਾ ਜਗਾ
ਲੰਘੇ ਵਕਤ ਦੀ ਦਿਸ਼ਾ
ਪੁੱਠੇ ਪੈਰੀਂ ਤੁਰੇ ਤਾਂ ਜਾਣਿਆ
ਖਲਾਅ 'ਚ ਲਟਕਦੇ ਸ਼ਹਿਰ 'ਚ
ਕਿੰਨਾ ਹਨੇਰਾ ਤੇ ਘਣਾ ਜੰਗਲ ਹੈ
ਪਹਾੜ ਦੀ ਚੋਟੀ 'ਚ ਕਿੰਨੀ ਗਹਿਰਾਈ ਹੈ
ਵ੍ਹਿ ਗਏ ਕਤਰਾ ਕਤਰਾ
ਹੱਥਾਂ ਦੀਆਂ ਉਂਗਲਾਂ 'ਚੋਂ ਸਾਹ
ਡੁੱਬਦਾ ਸੂਰਜ ਚੜ੍ਹਦੇ ਦੀ ਸਚਾਈ ਹੈ।
-0-

ਬੀਜ 'ਚੋਂ ਰੁੱਖ ਹੋ ਉੱਗਣਾ
ਮੈਂ 'ਚੋਂ ਤੂੰ ਹੋ ਵਗਣਾ
ਅਰਥ ਸਿੰਜਣਾ ਹੈ ਲਹੂ ਸੰਗ
ਨਾ ਕਿ ਸ਼ਬਦ ਮਾਂਜਣਾ
ਜ਼ਿੰਦਗੀ ਅਰਥ ਹੈ
ਸ਼ਬਦ ਨਹੀਂ
ਸ਼ਬਦ ਅਰਥ ਦਾ ਖਾਸਾ ਨਹੀਂ
ਅਰਥ ਸ਼ਬਦ ਦਾ
ਸਿਰਫ਼ ਦੂਸਰਾ ਪਾਸਾ ਨਹੀਂ।
-0-

# ਮੈਂ ਪਿੰਡ

ਮੈਂ ਪਿੰਡ ਸ਼ਹਿਰ ਵੱਲ ਤੁਰਿਆ ਹਾਂ
ਸ਼ਹਿਰ ਦੇ ਖੁਸ਼ਕ ਮਾਹੌਲ 'ਚ
ਹਰਿਆਵਲ ਬੀਜਣ ਲਈ
ਬਾਗ, ਟਾਹਲੀਆਂ, ਦਰੇਕਾਂ, ਤੂਤ, ਅੰਬ
ਜਾਮਣ, ਬੇਰੀਆਂ ਤੇ ਬਰਨਿਆਂ ਦੇ
ਰੁੱਖ ਬੀਜਣ ਲਈ
-0-
ਮੈਂ ਸ਼ਹਿਰ ਦੇ ਹਰ ਘਰ 'ਚ
ਮਧਾਣੀਆਂ ਚਾਟੀਆਂ ਗਾਈਆਂ
ਮਹੀਆਂ, ਘੋੜੇ, ਖੋਤੇ, ਬਕਰੀਆਂ, ਭੇਡਾਂ
ਕੁੱਤੇ, ਬਿੱਲੀਆਂ
ਪਸ਼ੂ ਪੰਛੀ ਛਡਣ ਆਇਆ ਹਾਂ
ਮੱਕੀ ਦੀ ਰੋਟੀ ਸਰ੍ਹੋਂ ਦਾ ਸਾਗ ਛੱਡਣ ਆਇਆ ਹਾਂ
ਸ਼ਹਿਰੀ ਘਰਾਂ ਦੇ ਵਿਹੜੇ ਖੁੱਲ੍ਹੇ ਕਰਨ ਆਇਆ ਹਾਂ
ਜਿਨ੍ਹਾਂ ਵਿਹੜਿਆਂ 'ਚ
ਕੂਕੜੀਆਂ ਦੇ ਚੂਚਿਆਂ ਸੰਗ
ਮੋਰਨੀ ਦੇ ਬੱਚੇ ਵੀ ਚੁਗਦੇ ਨਜ਼ਰ ਆਉਣ
ਮੇਰੇ ਪਿੰਡ ਵਾਂਗ
ਮੈਂ ਸ਼ਹਿਰ 'ਚ ਪਿੰਡ ਜਿਡਾ ਜੰਗਲ ਬੀਜਣ ਆਇਆ ਹਾਂ।
-0-
ਮੈਂ ਸ਼ਹਿਰ ਦੀ ਤਲੀ 'ਤੇ
ਖੂਹ ਅਤੇ ਖੂਹੀਆਂ ਧਰਨ ਆਇਆ ਹਾਂ
ਤਾਂ ਕਿ ਸ਼ਹਿਰ ਦੇ ਖੁਸ਼ਕ ਚਿਹਰੇ 'ਤੇ
ਹਰਿਆਵਲ ਆ ਸਕੇ
ਤੇ ਸ਼ਹਿਰ ਪੱਥਰਾਂ ਦੇ ਸਾਏ ਹੇਠੋਂ ਨਿਕਲ ਕੇ
ਕਿਸੇ ਹਰਿਆਵਲੇ ਜੰਗਲ ਦੀ ਚਹਿਲ ਕਦਮੀ ਕਰ ਸਕੇ
ਸ਼ਹਿਰ ਦੇ ਫੇਫੜਿਆਂ 'ਚ ਤਾਜ਼ੀ ਹਵਾ ਪ੍ਰਵੇਸ਼ ਕਰੇ
ਤੇ ਸ਼ਹਿਰ ਦੇ ਚਿਹਰੇ 'ਤੇ ਵੀ
ਪਿੰਡ ਜਿਹੀ ਰੌਣਕ ਆ ਸਕੇ।
-0-

ਮੈਂ ਪਿੰਡ
ਸ਼ਹਿਰ ਦੀ ਝੋਲੀ 'ਚ ਸ਼ਾਂਤੀ, ਹਾਸਾ
ਤੇ ਮਿਲਾਪੜਾਪਣ ਪਾਉਣ ਆਇਆ ਹਾਂ
ਤਾਂ ਕਿ
ਸ਼ਹਿਰ ਦਾ ਖਿਝੂ ਸੁਭਾਅ
ਸ਼ਾਂਤੀ ਤੇ ਖੁਸ਼ੀ 'ਚ ਬਦਲ ਸਕੇ
ਸ਼ਹਿਰ ਦੀ ਹਰ ਗਲੀ 'ਚ ਖੇੜਾ ਖਿਲਰ ਜਾਏ
ਸ਼ਹਿਰ ਮਿਲਾਪੜਾਪਣ ਜਿਉਂਣ ਦਾ ਆਦੀ ਹੋ ਸਕੇ।
-0-
ਮੈਂ ਪਿੰਡ
ਸ਼ਹਿਰ 'ਚ ਠਾਕੁਰ ਦੁਆਰੇ ਮਸੀਤਾਂ
ਤੇ ਮੰਦਿਰ ਰੱਖਣ ਆਇਆ ਹਾਂ
ਤਾਂ ਕਿ ਸ਼ਹਿਰੀ ਨਸਲ
ਇਹਨਾਂ ਪਾਠਸ਼ਾਲਾਂ ਤੋਂ ਜੀਵਨ ਸਿੱਖਿਆ ਪ੍ਰਾਪਤ ਕਰ ਸਕੇ
ਧਰਮ ਨੂੰ ਸਮਝੇ, ਸਦਾਚਾਰ ਨੂੰ ਸਮਝੇ
ਚੰਗੇ ਸਾਦੇ ਤੇ ਉੱਚੀ ਸੋਚ ਵਾਲੇ ਮਨੁੱਖ ਦਾ ਨਿਰਮਾਣ ਹੋ ਸਕੇ
ਸਰਘੀ ਵੇਲੇ ਦੀ ਬਾਣੀ
ਠਾਕੁਰ ਦੁਆਰੇ ਮਸੀਤਾਂ ਮੰਦਿਰਾਂ 'ਚ
ਸ਼ਹਿਰ ਦੇ ਕੰਨਾਂ 'ਚ ਪਵੇ
ਤੇ ਸੁਆਦ ਸੁਆਦ ਹੋਇਆ ਸ਼ਹਿਰ
ਆਪਣੀ ਜੜ੍ਹ ਨੂੰ ਜਾਣੇ
ਆਪਣੇ ਆਪ ਨੂੰ ਪਹਿਚਾਣੇ।
-0-
ਮੈਂ ਪਿੰਡ
ਸ਼ਹਿਰ 'ਚ ਆਪਣਾ ਖੁੱਲ੍ਹਾਪਨ ਬੀਜਣ ਆਇਆ ਹਾਂ
ਪੇਂਡੂ ਪ੍ਰਾਹੁਣਚਾਰੀ ਦਾ ਅਹਿਸਾਸ ਛਿੜਕਣ ਆਇਆ ਹਾਂ
ਤਾਂ ਕਿ ਇਕ ਘਰ ਦਾ ਪ੍ਰਾਹੁਣਾ
ਸਾਰੇ ਸ਼ਹਿਰ ਦਾ ਪ੍ਰਾਹੁਣਾ ਹੋ ਗੁਜ਼ਰੇ
ਮੇਰੇ ਪਿੰਡ ਵਾਂਗ
ਮੈਂ ਆਪਣਾ ਮੋਹ ਮਮਤਾ ਪਿਆਰ ਜੀਵਨ
ਤੇ ਮੱਖਣ ਵਰਗੀ ਭਾਸ਼ਾ ਛੱਡਣ ਆਇਆ ਹਾਂ

ਤਾਂ ਕਿ ਸ਼ਹਿਰ ਦੀ ਰਸਨਾ 'ਚ ਮਿਠਾਸ
ਤੇ ਦੇਹ 'ਚ ਪਵਿੱਤਰਤਾ ਆ ਸਕੇ।
-0-
ਮੈਂ ਆਪਣੇ
ਗੀਤ ਘੋੜੀਆਂ ਕਿੱਕਲੀ ਗਿੱਧਾ
ਭੰਗੜਾ ਝੂਮਰ ਜਾਗੋ ਸਿੱਠਣੀਆਂ
ਹੀਰ ਸੋਹਣੀ ਸੱਸੀ ਲੈਲਾ ਸਾਹਿਬਾਂ
ਤੇ ਪੂਰਨ ਛੱਡਣ ਆਇਆ ਹਾਂ
ਬਾਂਸ ਦੀ ਪੋਰੀ 'ਚੋਂ ਨਿਕਲਣ ਵਾਲੀ ਸੁਰ ਦੇ ਨਾਲ
ਆਪਣੀ ਤੰਦਰੁਸਤੀ ਤੇ ਲਹੂ ਦਾ ਰੰਗ ਛਡਣ ਆਇਆ ਹਾਂ
ਤਾਂ ਕਿ ਸ਼ਹਿਰ
ਸਿਹਤਮੰਦ, ਸੁਰਖ ਤੇ ਸੁਰ 'ਚ ਰਹੇ।
-0-
ਮੈਂ ਪਿੰਡ
ਸ਼ਹਿਰ 'ਚ ਕਣਕ ਚੌਲ ਬਾਜ਼ਰਾ ਮੱਕੀ
ਕਮਾਦ ਤੇ ਕਪਾਹ ਛਡਣ ਆਇਆ ਹਾਂ
ਤਾਂ ਕਿ
ਸ਼ਹਿਰੀ ਆਉਣ ਵਾਲੀ ਨਸਲ ਨੂੰ ਇਹ ਯਾਦ ਰਹੇ
ਕਿ ਇਹ ਜਿਣਸਾਂ ਖੇਤਾਂ 'ਚ ਉਗਦੀਆਂ ਹਨ
ਦਰੱਖਤਾਂ ਨੂੰ ਨਹੀਂ ਲੱਗਦੀਆਂ
ਬਸ ਪਿੰਡ ਉਗਾਉਂਦਾ ਹੈ।
-0-
ਮੈਂ ਪਿੰਡ
ਸ਼ਹਿਰ 'ਚ ਆਪਣਾ ਆਪਾ ਬੀਜਣ ਆਇਆ ਹਾਂ
ਕਿ ਸ਼ਹਿਰ ਦੀ ਹਰ ਕੰਧ ਗਲੀ ਤੇ ਵਿਹੜੇ 'ਚੋਂ
ਸ਼ਹਿਰ ਨੂੰ
ਸਿਰਫ ਮੇਰਾ ਚਿਹਰਾ ਹੀ ਨਜ਼ਰ ਆਵੇ
ਮੈਂ ਪਿੰਡ
ਸ਼ਹਿਰ ਨੂੰ ਤਕੀਦ ਕਰਦਾ ਹਾਂ
ਕਿ ਸ਼ਹਿਰ ਆਪਣਾ ਸੱਭਿਆਚਾਰ, ਭਾਸ਼ਾ ਬੋਲੀ
ਰਸਮ ਰਿਵਾਜ਼, ਵਿਰਸਾ, ਵਿਕਾਸ ਤੇ ਇਤਿਹਾਸ

ਕਦੀ ਨਾ ਭੁੱਲੇ
ਨਹੀਂ ਤਾਂ
ਮੈਂ ਜੋ ਕੁਝ ਵੀ ਆਪਣੀ ਦੇਹ ਤੋਂ ਰੂਹ ਤੱਕ
ਸ਼ਹਿਰ ਲਈ ਕੀਤਾ ਹੈ
ਸ਼ਹਿਰ ਇਸ ਨੂੰ ਸਮਝ ਨਹੀਂ ਸਕੇਗ਼ਾ
ਮੈਂ ਪਿੰਡ
ਮੇਰੀ ਹੋਂਦ ਨੂੰ ਜਾਣ ਨਹੀਂ ਸਕੇਗਾ।
-0-
ਮੈਂ ਪਿੰਡ
ਜੋ ਆਪਣਾ ਪਿੰਡ ਛੱਡ ਕੇ ਆਇਆ ਹਾਂ
ਉਸ ਦੀ ਧਰਤੀ 'ਤੇ ਪਿੰਡ ਬੀਜ ਕੇ ਆਇਆ ਹਾਂ
ਤਾਂ ਕਿ ਪਿੰਡ ਦੀ ਥਾਂ ਪਿੰਡ ਹੀ ਉੱਗੇ
ਸ਼ਹਿਰ ਭਾਵੇਂ ਸਮੇਂ ਸੰਗ
ਸ਼ਹਿਰ ਛੱਡ ਕੇ ਪਿੰਡ ਜਾ ਵੱਸੇ
ਸ਼ਹਿਰ ਦੇ ਚਿਹਰੇ 'ਚੋਂ ਪਿੰਡ ਹੀ ਹੱਸੇ
ਪਿੰਡ ਦੇ ਚਿਹਰੇ 'ਚ ਭਾਵੇਂ ਸ਼ਹਿਰ ਪਿਆ ਵੱਸੇ।
-0-

# ਸਿਫ਼ਰ 'ਚ ਘਿਰਿਆ ਬਿੰਦੂ

ਸਿਫ਼ਰ 'ਚ ਘਿਰਿਆ
ਉਹ ਗੁਆਚਾ ਵੀ
ਪੈਰ ਮੋਢਿਆਂ 'ਤੇ ਧਰ
ਸਿਰ ਭਾਰ ਨੱਸਿਆ ਵੀ
ਆਖਰ ਆਪਣੇ ਆਪ ਤੋਂ ਦੌੜ ਕੇ
ਜਾਂਦਾ ਵੀ ਤਾਂ ਕਿਸ ਪਾਸੇ
ਉਹ ਆਪ ਹੀ ਤਾਂ ਸਫ਼ਰ 'ਤੇ ਲਟਕਦੀਂ
ਸੋਚ ਦੀ ਤਲਵਾਰ ਸੀ।
-0-
ਇਕ ਲੀਕ ਹੀ ਤਾਂ ਸੀ
ਜੋ ਉਸ ਤੀਜੀ ਅੱਖ 'ਚ ਸਿਰਜੀ
ਤੇ ਹਵਾ ਤੇ ਵਾਹੀ।
ਔਖਾ ਸੀ
ਸਿਰ 'ਚੋਂ ਪੈਰਾਂ 'ਚ ਉਤਰਨਾ
ਤੇ ਖਾਲੀ ਟਿੰਡਾਂ ਵਾਂਗ
ਪਿਆਸੇ ਹੀ ਬੀਤੇ ਦੀ ਪਰਕਰਮਾ ਕਰਨੀ।
-0-
ਵਰਤਮਾਨ ਮੁੱਠੀ 'ਚ ਲੈ
ਭੂਤ ਸੰਗ ਬੁੱਧੀ-ਭੋਗ
ਪਾਣੀ ਰਿੜਕਣ ਬਰਾਬਰ ਸੀ
ਤੇ ਆਪਣੇ ਆਪ ਨੂੰ ਰਿੜਕਿਆਂ
ਉਹ ਨਦੀ ਕੰਢੇ ਪਾਣੀ 'ਚ
ਹਰੇ ਰੁੱਖ ਦਾ ਸੁੱਕਾ ਸਾਇਆ ਸੀ
-0-
ਆਪਣਾ ਨਾਂਅ
ਖੁਦ ਸਿਰਜੇ ਘੇਰੇ 'ਤੇ ਲਿਖ
ਉਹ ਲੀਕ ਦੀ ਸੇਧੇ
ਸ਼ਬਦਾਂ ਦੇ ਜੰਗਲ ਵੱਲ ਮੁੜਿਆ
ਜਿਥੋਂ ਕਦੀ ਅਰਥਾਂ ਦਾ
ਇਕ ਸ਼ਹਿਰ ਜਨਮਿਆਂ ਸੀ
-0-

ਹੁਣ ਉਹ
ਆਪਣੇ ਸਿਫ਼ਰ ਸਫ਼ਰ ਤੋਂ ਜਾਣੂ ਸੀ
ਪਰ ਕਦੀ ਕਦੀ
ਬੰਦ ਕਮਰੇ 'ਚ ਬੁੱਝੀ ਬੱਤੀ ਹੇਠ
ਉਹ ਲੂੰਬੜੀ ਵਾਂਗ ਹਸਦਾ
ਸ਼ੇਰ ਵਾਂਗ ਗਰਜਦਾ
ਤੇ ਕੁੱਤੇ ਵਾਂਗ ਆਪਣੇ ਦੁਖਾਂਤ 'ਤੇ ਭੌਂਕਦਾ।
-0-
ਤਲੀ 'ਤੇ ਟਿਕਾਏ
ਆਪਣੇ ਆਪ ਨੂੰ
ਉਸ ਛਾਲਾ ਵੀ ਕਿਹਾ, ਮੋਤੀ ਵੀ ਕ਼ਿਹਾ
ਉਹ
ਜਿਸ ਇੱਕ ਕਿਨਾਰੇ ਤੋਂ ਦੂਜੇ ਤੱਕ
ਸਵੈ ਨੂੰ ਤਰਿਆ
ਸਿੱਪੀ 'ਚ ਜਿਉਂਦਾ
ਮੁੱਠ 'ਚ ਫੜੇ ਮੋਤੀ 'ਚ ਮਰਿਆ।
-0-

## ਮੈਂ ਤੇ ਮੇਰੀ ਸਿਰਜਣਾ

ਮੈਂ ਆਪਣੀ ਸਿਰਜਣਾ
ਨਾਲ ਜਦ ਵੀ ਤੁਰਿਆ ਹਾਂ
ਆਪਣੇ ਅੰਦਰ ਵੱਲ ਮੁੜਿਆ ਹਾਂ
ਮੇਰੇ ਅੰਦਰ
ਕਿੰਨੇ ਅਕਾਸ਼ ਧਰਤੀਆਂ
ਸੂਰਜ ਤੇ ਤਾਰਕਾ ਮੰਡਲ ਹਨ
ਕਿੰਨੇ ਸਾਗਰ ਤੇ ਪਹਾੜ ਹਨ
ਕਿੰਨੀ ਮਨੁੱਖਤਾ ਤੇ ਸੰਸਾਰ ਹਨ
ਮੈਂ ਜਦ ਆਪਣੇ ਆਪ ਨੂੰ ਪਾਇਆ ਹੈ
ਕੁਲ ਬ੍ਰਹਿਮੰਡ ਮੇਰੀ ਦੇਹੀ 'ਚ ਸਮਾਇਆ ਹੈ।
-0-
ਜਿਸ ਬ੍ਰਹਿਮੰਡ 'ਚ ਮੈਂ ਵਿਚਰਦਾ ਹਾਂ
ਉਹ ਮੇਰੀ ਦੇਹ ਦਾ ਹੀ ਸਾਇਆ ਹੈ
ਮੈਂ ਆਪਣੀ ਅਸੀਮਾਂ ਜਾਂ ਸੀਮਾਂ ਤੋਂ
ਜਦ ਵੀ ਪਾਰ ਹੈ ਤੱਕਿਆ
ਲੱਖਾਂ ਅਕਾਸ਼ਾਂ ਤੇ ਧਰਤੀਆਂ 'ਚ
ਫੈਲਿਆ ਆਪਣਾ ਅਕਾਰ ਹੈ ਤੱਕਿਆ।
-0-
ਕਿੰਨੀਆਂ ਬਹਾਰਾਂ, ਕਿੰਨੇ ਮੌਸਮ
ਸਮਾਂ ਤੇ ਪੱਤਝੜਾਂ ਮੇਰੀ ਦੇਹ 'ਚ ਵੱਸਦੀਆਂ ਹਨ
ਕਿੰਨੀਆਂ ਅੱਗਾਂ ਤੇ ਪੌਣਾਂ
ਮੇਰੇ 'ਚੋਂ ਜਨਮਦੀਆਂ ਤੇ ਵਗਦੀਆਂ ਹਨ
ਮੇਰੀ ਆਪਣੀ ਗਰਦਨ 'ਤੇ
ਅਣਗਿਣਤ ਮਨੁੱਖਾਂ ਦੇ ਸਿਰ ਲੱਗੇ ਹਨ
ਮੇਰੇ ਅੰਦਰ ਮਨੁੱਖਾਂ ਦੇ ਹਜੂਮ ਵੱਸਦੇ ਹਨ
ਕਈ ਸ਼ਹਿਰ, ਕਈ ਜੰਗਲ
ਮੇਰੀ ਅੱਖ 'ਚ ਜਿਉਂਦੇ ਹਨ
ਕਈ ਸੂਰਜਾਂ ਦੇ ਕਾਫਲੇ
ਮੇਰੀ ਚੇਤਨਤਾ 'ਚੋਂ ਚੜ੍ਹਦੇ ਹਨ
ਮੇਰੀ ਦੇਹ ਰੌਸ਼ਨ ਕਰਦੇ ਹਨ

ਮੇਰੇ ਅੰਦਰ ਪਸ਼ੂ-ਪੰਛੀਆਂ
ਜੀਵ-ਜੰਤੂਆਂ ਦੀਆਂ ਬਿਰਤੀਆਂ ਦੇ ਅੰਬਾਰ ਲੱਗੇ ਹਨ
ਭੁੱਖੀ ਤ੍ਰਿਸ਼ਨਾ ਲਈ
ਰਿਜ਼ਕ ਦੇ ਭੰਡਾਰ ਲੱਗੇ ਹਨ।
-0-
ਮੇਰੀ ਦੇਹ 'ਚ ਆਦਿ ਮਨੁੱਖ ਤੋਂ
ਅਜੋਕੇ ਮਨੁੱਖ ਦੇ ਸੰਘਰਸ਼ ਦਾ
ਇਤਿਹਾਸ ਜਿਉਂਦਾ ਹੈ
ਮਨੁੱਖ ਦੇ ਜਨਮ ਤੋਂ ਪਹਿਲਾਂ
ਕਾਦਰ ਤੇ ਕੁਦਰਤ ਦਾ ਅਹਿਸਾਸ ਜਿਉਂਦਾ ਹੈ
ਮੌਸਮ, ਬਹਾਰਾਂ, ਪੱਤਝੜਾਂ ਤੇ ਸਮੇਂ ਨੇ
ਮਨੁੱਖ ਦੇ ਚਿਹਰੇ 'ਤੇ ਜੋ ਸੱਭਿਅਤਾ ਉਗਾਈ
ਉਸ ਦਾ ਪਾਸ ਜਿਉਂਦਾ ਹੈ
-0-
ਮਨੁੱਖ ਦੀ ਸਿਰਜੀ ਆਪਣੀ ਭਾਸ਼ਾ ਨੇ
ਜਦ ਅਰਥਾਂ ਦੀ ਸਰਵਵਿਆਪਕਤਾ
ਅਸੀਮਤਾ ਸ਼ਬਦਾਂ 'ਚ ਸਮੇਟ ਲਈ
ਤਾਂ ਸ਼ਬਦਾਂ ਦੇ ਦਾਇਰੇ 'ਚੋਂ ਬਾਹਰ ਵਸਦੀ ਜ਼ਿੰਦਗੀ
ਆਪਣੇ ਦਾਇਰੇ 'ਚ ਘਿਰਿਆ ਮਨੁੱਖ
ਕਿੰਝ ਵੇਖ ਸਕਦਾ ਸੀ ਕਿੰਝ ਮਾਣ ਸਕਦਾ ਸੀ
ਸ਼ਬਦੋਂ ਬਾਹਰ ਵਸਦੀ ਜ਼ਿੰਦਗੀ ਦੀ ਸਮਗਰੀ
ਤੇ ਗਹਿਰਾਈ ਕਿੰਝ ਜਾਣ ਸਕਦਾ ਸੀ?
-0-
ਸ਼ਬਦਾਂ ਦੇ ਦਾਇਰੇ ਜਿਉਂਦਾ ਮਨੁੱਖ
ਆਪਣੇ ਆਪ 'ਚ ਇਕੱਲਾ ਰਹਿ ਗਿਆ
ਆਪਣੇ ਅਰਥ ਤੋਂ ਹੀਣਾ ਹੋ ਗਿਆ
ਆਪਣੀ ਨਿੱਜੀ ਸੋਚ ਦਾ ਧਾਰਨੀ ਬਣ
ਸ਼ੀਸ਼ੇ ਦੀ ਸੱਭਿਅਤਾ ਸਿਰਜਦਾ ਸਿਰਜਦਾ
ਆਪਣੇ ਆਪ ਤੋਂ ਬਹੁਤ ਅੱਗੇ ਨਿਕਲ ਗਿਆ
ਤੇ ਸਵੈ ਸਿਰਜੇ ਸ਼ਹਿਰਾਂ 'ਚ ਵਸਿਆ
ਜਿਥੇ ਨਾ ਹਰਿਆਵਲ ਸੀ

ਨਾ ਅਕਾਸ਼ ਦੀ ਛਾਂ
ਨਾ ਪੌਣਾਂ ਦੀ ਸ਼ੀਤਲਤਾ, ਨਾ ਜਲ ਦੀ ਠੰਡਕ, ਨਾ ਨਿੱਘ
ਨਾ ਧਰਤ ਦੀ ਮਹਿਕ
ਬਸ ਤਪਦਾ ਅਕਾਸ਼ ਸੀ
ਸੜਦੀ ਧਰਤ ਸੀ
ਤਪਦੀ ਪੌਣ ਸੀ, ਬਲਦਾ ਸ਼ਹਿਰ ਸੀ
ਜਿੱਥੇ ਮਨੁੱਖ ਜੀਅ ਰਿਹਾ ਸੀ
ਭਵਿੱਖ 'ਚ ਬੈਠਾ
ਆਪਣੇ ਵਰਤਮਾਨ 'ਚੋਂ
ਘੁਟ ਅਤੀਤ ਦੇ ਪੀ ਰਿਹਾ ਸੀ।
-0-
ਮਨੁੱਖ ਨਿੱਜਤਾ 'ਚ ਗੁਆਚਾ
ਅਨਿੱਜਤਾ ਖੋ ਬੈਠਾ ਹੈ
ਆਪਣੇ ਆਪ 'ਚ
ਵਰ ਤੋਂ ਸਰਾਪ ਹੋ ਬੈਠਾ ਹੈ
ਜੇ ਮਨੁੱਖ ਆਪਣੇ ਸਵੈ ਨੂੰ ਜਾਣਦਾ
ਆਪਣੇ ਸਵੈ ਨੂੰ ਪਹਿਚਾਣਦਾ
ਤਾਂ ਜਾਣਦਾ ਉਸ ਦੇ ਅੰਦਰ ਕੀ ਹੈ, ਬਾਹਰ ਕੀ ਹੈ
ਅੰਦਰ ਤੇ ਬਾਹਰ ਦੀ ਇਕਾਈ ਕੀ ਹੈ
ਜਨਮ ਤੇ ਮਰਨ ਦੀ ਸਚਾਈ ਕੀ ਹੈ
ਉਸ ਦੇ ਅੰਦਰ ਕੌਣ ਜਿਉਂਦਾ ਹੈ
ਬਾਹਰ ਕੌਣ ਵਸਦਾ ਹੈ
ਮਨੁੱਖ ਆਪਣੀ ਵਸੀਹਅਤਾ ਤੇ ਅਕਾਰ ਦੀ
ਪਹਿਚਾਣ ਖੋ ਬੈਠਾ ਹੈ
ਖ਼ੁਦ ਆਪਣੇ ਹੀ ਦਾਇਰੇ ਦੀ ਸੀਮਾ ਜਾਣ ਨਾ ਸਕਿਆ
ਇਸ ਲਈ ਇੱਕ ਬਿੰਦੂ ਬਣ ਕੇ ਰਹਿ ਗਿਆ
ਆਪਣੇ ਹੀ ਪਰਾਂ 'ਤੇ ਪੱਥਰ ਧਰ ਕੇ ਬਹਿ ਗਿਆ
ਆਪਣੇ ਹੀ ਮੱਥੇ ਦਾ ਕਲੰਕ ਬਣ ਕੇ ਰਹਿ ਗਿਆ
-0-
ਸਮੇਂ ਦੀ ਦੇਹ 'ਚੋਂ
ਜਦ ਵੀ ਆਦਿ ਮਨੁੱਖ ਬੋਲਦਾ ਹੈ

ਅਜੋਕੇ ਮਨੁੱਖ ਲਈ ਅੰਬਰਾਂ ਦਾ ਦਰ ਖੋਲਦਾ ਹੈ
ਜਿਸ 'ਚੋਂ ਸਿਰਜਣਾ ਝਾਕਦੀ ਹੈ
ਜਿਸ 'ਚੋਂ ਕਾਦਰ ਬੋਲਦਾ ਹੈ
ਨਜ਼ਰਾਂ 'ਚੋਂ ਨੂਰ ਝਰਦਾ ਹੈ
ਜ਼ੁਬਾਨ 'ਤੇ ਅੱਲਾਹ ਮੌਲਦਾ ਹੈ।
-0-
ਅਜੋਕਾ ਮਨੁੱਖ ਜਦ ਅੱਖਾਂ ਖੋਲਦਾ ਹੈ
ਉਸ ਦੀ ਦੇਹ 'ਚੋਂ ਪੱਥਰ ਦਾ ਬੁੱਤ ਬੋਲਦਾ ਹੈ
ਮੈਂ ਬੁੱਤ ਹਾਂ ਜਿਸ 'ਚੋਂ ਜੀਵਨ ਨੁੱਚੜ ਗਿਆ ਹੈ
ਮੈਂ ਬੁੱਤ ਹਾਂ ਸਿਰਫ ਬੁੱਤ
ਸਿਰਜਣਾ ਨਹੀਂ
ਬੁੱਤ ਸਿਰਜਣਾ ਨਹੀਂ
ਸਿਰਜਣਾ ਦਾ ਪ੍ਰਤੀਕ ਹੁੰਦਾ ਹੈ
ਮਨੁੱਖ ਤੇ ਬੁੱਤ 'ਚ ਹਵਾ ਦੀ ਇਕ ਲੀਕ ਹੈ
ਜੋ ਬੁੱਤ 'ਚ ਜੇ ਵਹਿ ਤੁਰੀ ਤਾਂ ਬੁੱਤ ਹਕੀਕਤ ਹੋ ਗਿਆ
ਮਨੁੱਖ 'ਚੋਂ ਜੇ ਮਿੱਟ ਗਈ
ਤਾਂ ਮਨੁੱਖ ਪੱਥਰ ਹੋ ਗਿਆ।
-0-

## ਸ਼ਬਦ ਦਾ ਸੰਕਲਪ

ਮੈਂ ਤੋਂ ਅਮੈਂ
ਅਮੈਂ ਤੋਂ ਮੈਂ ਤੱਕ ਦਾ ਸਫ਼ਰ
ਚਾਨਣ ਦੀ ਛਿੱਟ ਤੋਂ
ਰੌਸ਼ਨੀ ਦਾ ਸਮੁੰਦਰ ਹੋ ਵਗਣਾ ਹੈ।
–0–
ਸਾਏ ਨੇ ਦੇਹ ਤੱਕ ਸੁੰਗੜਨਾ ਹੈ
ਸਮਾਂ ਉਮਰ ਦੇ ਟੋਟੇ 'ਚ ਕੱਟਿਆ ਹੈ
ਸੁਰਤੀ ਮੌਤ ਤੋਂ ਪਿਛਲੇਰੇ ਸੱਚ ਨੂੰ ਭੋਗਣਾ ਹੈ
ਜਿਉਂਦੇ ਜੀਅ, ਮਨੁੱਖਾ ਹੋਂਦ ਹੀ
ਬ੍ਰਹਿਮੰਡ ਇਕਾਈ ਹੈ
ਇਸ ਦੀ ਪਹਿਚਾਣ ਹੀ ਸਵੈ ਸਚਾਈ ਹੈ।
–0–
ਅਨੁਭਵ ਦਾ ਵਿਚਾਰ 'ਚ ਬਦਲਣਾ
ਮਨੁੱਖ 'ਚੋਂ ਆਪਣਾ ਸੱਚ ਤੱਕਣਾ
ਜਿਉਂਦਿਆਂ
ਆਪਣੇ ਅਰਥ ਦੀ ਮਹਿਕ 'ਚੋਂ ਗੁਜ਼ਰਨਾ
ਆਪਣੇ ਪਿੱਛੇ ਸਮੇਂ ਵਾਂਗ ਰਹਿ ਜਾਣਾ
ਜਿਉਂਦੇ 'ਚ ਜਿਉਣਾ
ਸੱਚ ਜਨਮਣ ਬਰਾਬਰ ਹੈ।
–0–
ਮੁਕਤੀ
ਜਿਉਂਦਿਆਂ ਆਪਣੇ ਭਰਮ ਤੇ ਖ਼ੌਫ਼
ਤੋਂ ਮੁਕਤ ਹੋ ਕੇ, ਮੈਂ ਦੇ ਬਿੰਦੂ ਨੂੰ
ਅਮੈਂ ਦੇ ਦਾਇਰੇ ਤੱਕ ਵਿਸਥਾਰਨਾ ਹੈ
ਮਨੁੱਖ ਨੂੰ ਮਨੁੱਖ ਦੀ ਪਹਿਚਾਣ ਨਹੀਂ
ਦੁਖਾਂਤ ਹੈ
ਦੁਖਾਂਤ ਦਾ ਅਹਿਸਾਸ ਹੀ ਸੁਖਾਂਤ ਹੈ
ਸੂਰਜ ਇੰਝ ਹੀ ਚੜ੍ਹੇਗਾ
ਹਨੇਰਾ ਚਾਨਣ 'ਚ ਢਲੇਗਾ।
–0–

ਸ਼ਬਦ ਦਾ ਸੰਕਲਪ ਮਨੁੱਖ ਹੈ
ਮਨੁੱਖ ਹੀ ਸੱਚ ਹੈ, ਸੱਚ ਹੀ ਮਨੁੱਖ ਹੈ
ਸੱਚ ਤੋਂ ਸੱਚ ਦੀ ਉਤਪਤੀ ਹੈ
ਲੋੜ ਨਿਰਭੋਉ ਤੇ ਨਿਰਵੈਰ ਦੀ ਹੈ
ਅਕਾਲ ਮੂਰਤ ਤਾਂ ਮਨੁੱਖ ਦਾ ਜਮਾਂਦਰੂ ਗੁਣ ਹੈ
ਮਨੁੱਖ ਜਦ ਵਿਅਕਤੀਗਤ ਸੱਚ ਨੂੰ ਜਾਣ ਲੈਂਦਾ ਹੈ
ਸਮੂਹਿਕ ਸੱਚ ਨੂੰ ਪਹਿਚਾਣ ਲੈਂਦਾ ਹੈ।
-0-

## ਜ਼ਿੰਦਗੀ ਤੇ ਮੈਂ

ਮੈਂ ਜਦ ਵੀ ਤੁਰਿਆ ਹਾਂ
ਆਪਣੇ ਨਾਲ ਧੁੱਪਾਂ ਛਾਵਾਂ
ਜ਼ਿੰਦਗੀ ਦਾ ਰੂਪ ਲੈ ਤੁਰਿਆ ਹਾਂ
ਜ਼ਿੰਦਗੀ 'ਚੋਂ ਜਨਮਿਆ ਆਪਣਾ ਅਤੀਤ
ਤੇ ਵਰਤਮਾਨ ਲੈ ਤੁਰਿਆ ਹਾਂ
ਆਪਣਾ ਭਵਿੱਖ ਸਿਰਜਣ ਲਈ।
-0-
ਜ਼ਿੰਦਗੀ ਪਲ ਪਲ ਦੀ, ਜਮਾਂ 'ਚੋਂ ਜਨਮਦੀ ਹੈ
ਹਰ ਪਲ ਦੀ ਤਾਸੀਰ, ਪ੍ਰਵਿਰਤੀ ਤੇ ਵਜੂਦ
ਇੱਕੋ ਜਿਹਾ ਨਹੀਂ ਹੁੰਦਾ, ਨਾ ਹੀ ਜ਼ਿੰਦਗੀ
ਪੱਧਰੀ ਤੇ ਇਕਸਾਰ ਵਗਦੀ ਨਦੀ ਹੈ
ਜ਼ਿੰਦਗੀ ਪਹਾੜਾਂ, ਮੈਦਾਨਾਂ, ਜੰਗਲਾਂ ਤੇ ਸ਼ਹਿਰਾਂ
'ਚ ਵਗਦੀ ਵਖਰੀ ਨਦੀ ਹੈ
ਜ਼ਿੰਦਗੀ ਸਮੁੰਦਰ, ਪੱਥਰਾਂ, ਅੱਗ, ਅਕਾਸ਼
ਤੇ ਹਵਾ 'ਚ ਵਗਦੀ ਵਖਰੀ ਨਦੀ ਹੈ
ਜ਼ਿੰਦਗੀ ਦੀ ਵਿਭਿੰਨਤਾ ਹੀ ਜ਼ਿੰਦਗੀ ਦੀ ਅਸਲ ਖ਼ੂਬਸੂਰਤੀ ਹੈ
-0-
ਆਦਮੀ ਜ਼ਿੰਦਗੀ ਜਿਉਂਦਾ
ਕਦੀ ਸਹਿਰਾ ਕਦੀ ਸਾਗਰ
ਕਦੀ ਲੰਬੀ ਉਦਾਸੀ, ਕਦੀ ਚੁੱਪ, ਕਦੀ ਸ਼ੋਰ
ਬਣ ਵਿਚਰਦਾ ਹੈ
ਆਦਮੀ ਜ਼ਿੰਦਗੀ ਜਿਉਂਦਾ
ਆਪਣੇ ਆਪ ਨੂੰ ਜਿਉਂਦਾ ਹੈ
ਆਪਣੇ ਆਪ 'ਚੋਂ
ਜ਼ਿੰਦਗੀ ਦੀ ਹਸਤੀ ਜਨਮਦਾ ਹੈ
ਜ਼ਿੰਦਗੀ ਦੀ ਜੜ੍ਹ ਹੋ ਗੁਜ਼ਰਦਾ ਹੈ
ਜ਼ਿੰਦਗੀ ਦਾ ਮੂੰਹ ਮੱਥਾ, ਸਿਰ ਧੜ ਤੋਂ ਗੁਜ਼ਰਦਾ ਹੈ
ਜ਼ਿੰਦਗੀ ਮਨੁੱਖ 'ਚੋਂ ਜਨਮਦੀ ਹੈ
ਮਨੁੱਖ ਤੋਂ ਮਨੁੱਖ ਤੱਕ ਤੈਰਦੀ ਹੈ
ਮਨੁੱਖਤਾ ਤੱਕ ਫੈਲਦੀ ਹੈ

ਮਨੁੱਖਤਾ ਹੀ ਜ਼ਿੰਦਗੀ ਦਾ ਦਰਪਣ ਹੈ
ਮਨੁੱਖਤਾ ਦੇ ਚਿਹਰੇ 'ਚੋਂ
ਜ਼ਿੰਦਗੀ ਆਪਣਾ ਆਪ ਪਹਿਚਾਣ ਸਕਦੀ ਹੈ
ਆਪਣਾ ਮੂਲ ਜਾਣ ਸਕਦੀ ਹੈ।
-0-
ਆਦਮੀ ਜ਼ਿੰਦਗੀ ਜਿਉਂਦਾ
ਆਪਣੇ ਆਪ 'ਚੋਂ ਜਨਮੀਆਂ
ਦ੍ਰਿਸ਼ਟੀਆਂ ਪ੍ਰਵਿਰਤੀਆਂ ਤੇ ਰਾਹਾਂ 'ਤੇ ਤੁਰਦਾ
ਕਦੀ ਸਿਰਫ ਰਾਹ ਬਣ ਕੇ ਰਹਿ ਜਾਂਦਾ ਹੈ
ਕਦੀ ਮੀਲ ਪੱਥਰ, ਕਦੀ ਮੰਜ਼ਿਲ।
-0-
ਆਪਣੇ ਦਾਇਰੇ ਤੇ ਸਮੇਂ ਦੀ ਸੀਮਾ
'ਚ ਜਿਉਂਦਾ ਮਨੁੱਖ
ਜ਼ਿੰਦਗੀ ਦੀ ਬਹੁਲਤਾ, ਬਹੁਦਿਸ਼ਾ, ਵਿਭਿੰਨਤਾ
ਤੇ ਵਿਸ਼ਾਲ ਪੈਂਡੇ ਦੀ ਗਹਿਰਾਈ ਨੂੰ, ਉਚਾਈ ਨੂੰ
ਸਮਝ ਨਹੀਂ ਸਕਦਾ
ਬੇਸ਼ੱਕ ਜ਼ਿੰਦਗੀ ਦਾ ਜਨਮ ਦਾਤਾ ਹੈ
ਜ਼ਿੰਦਗੀ ਦਾ ਵਿਧਾਤਾ ਹੈ।
-0-
ਜ਼ਿੰਦਗੀ ਮਨੁੱਖ 'ਚੋਂ ਜਨਮੀਂ
ਵਿਕਾਸ ਦੀ ਹੋਂਦ ਤੇ ਸਿੱਖਰ ਤੱਕ ਅਪੜੀ
ਮਨੁੱਖ ਤੋਂ ਬਹੁਤ ਅੱਗੇ ਨਿਕਲ ਗਈ
ਤੇ ਮਨੁੱਖ ਜ਼ਿੰਦਗੀ ਦੀ ਵਿਸ਼ਾਲਤਾ 'ਚ
ਇੱਕ ਸਿਫਰਾ ਬਣ ਕੇ ਰਹਿ ਗਿਆ
ਜਿਸ ਦੇ ਪੈਰਾਂ 'ਚ ਕੋਈ ਰਾਹ ਨਹੀਂ
ਨਜ਼ਰ 'ਚ ਕੋਈ ਮੰਜ਼ਿਲ ਨਹੀਂ, ਮਸਤਕ 'ਚ ਕੋਈ ਦਿਸ਼ਾ ਨਹੀਂ
ਪੱਥਰ ਹੈ, ਕੁਝ ਵੀ ਪੱਥਰ ਤੋਂ ਸਿਵਾ ਨਹੀਂ
-0-

ਜ਼ਿੰਦਗੀ ਜਿਉਂਦਾ ਮਨੁੱਖ, ਕਈ ਵਾਰ
ਜ਼ਿੰਦਗੀ ਤੇ ਸਮੇਂ ਨਾਲ ਕਦਮ ਮੇਲ ਕੇ ਤੁਰਦਾ ਹੈ
ਮਨੁੱਖ ਦਾ ਬਿੰਦੂ
ਆਪਣੇ ਦਾਇਰੇ ਦੀ ਸੀਮਾ ਤੋਂ ਬਾਹਰ ਝਾਕਦਾ ਹੈ
ਜ਼ਿੰਦਗੀ ਦੀ ਵਿਸ਼ਾਲਤਾ, ਗਹਿਰਾਈ, ਵਿਭਿੰਨਤਾ
ਤੇ ਇਕਾਈ ਨੂੰ ਸਮਝਦਾ ਹੈ
ਜ਼ਿੰਦਗੀ ਦੇ ਹਾਣ ਦਾ ਹੋ ਕੇ ਵਿਚਰਦਾ ਹੈ
ਪਲ ਪਲ ਦਾ ਅਹਿਸਾਸ, ਤੇ ਅਨੁਭਵ ਜਿਉਂਦਾ ਹੈ
ਜ਼ਿੰਦਗੀ ਦੇ ਕੌੜੇ ਤੇ ਮਿੱਠੇ ਤਜਰਬਿਆਂ 'ਚੋਂ
ਇੰਝ ਗੁਜ਼ਰਦਾ ਹੈ
ਕਿ ਆਪਣੀ ਚੇਤਨਤਾ ਦੇ ਦੇਹ 'ਚ ਫੈਲੇ ਜੰਗਲੀਪਣ 'ਚੋਂ
ਜ਼ਿੰਦਗੀ ਜਿਹਾ ਗਤੀਸ਼ੀਲ
ਤੇ ਵਿਸ਼ਾਲ ਮਨੁੱਖ ਹੋ ਜਨਮਦਾ ਹੈ
-0-
ਜ਼ਿੰਦਗੀ ਮਨੁੱਖ ਨੂੰ ਜੋ ਦਿੰਦੀ ਹੈ
ਮਨੁੱਖ ਜ਼ਿੰਦਗੀ ਨੂੰ ਉਹ ਹੀ ਮੋੜਦਾ ਹੈ
ਪਰ ਇਹ ਮਨੁੱਖ ਮਨੁੱਖ 'ਤੇ ਨਿਰਭਰ ਹੈ
ਕਿ ਉਸ ਦੀ ਜ਼ਿੰਦਗੀ 'ਚੋਂ ਕੀ ਲੈਣਾ ਹੈ
ਪੱਥਰ ਬਣ ਜੀਣਾ ਹੈ
ਜਾਂ ਗਤੀਸ਼ੀਲ ਹੋ ਦਰਿਆਵਾਂ ਵਾਂਗ ਵਗਣਾ ਹੈ
ਜ਼ਿੰਦਗੀ 'ਚੋਂ ਜਨਮੀਂ, ਇਕੱਲਤਾ ਜਾਂ ਚੁੱਪ ਹੰਢਾਉਣੀ ਹੈ
ਕਿ ਮੌਸਮ ਵਾਂਗ ਬਦਲਣਾ ਹੈ, ਬਹਾਰਾਂ ਵਾਂਗ ਆਉਣਾ ਹੈ
ਆਪਣੇ ਦੁਆਲੇ ਰੌਣਕ ਬੀਜਣੀ ਹੈ
ਹਰਿਆਵਲ ਸਿਰਜਣੀ ਹੈ, ਜਾਂ ਜ਼ਿੰਦਗੀ 'ਚੋਂ ਜਨਮਿਆ
ਸ਼ਮਸ਼ਾਨ ਹੰਢਾਉਣਾ ਹੈ, ਆਪਣੇ ਪੈਰਾਂ 'ਚੋਂ ਰਾਹ ਜਨਮਣੇ ਹਨ
ਜਾਂ ਨਜ਼ਰ 'ਚ ਪੱਥਰ ਉਗਾਣੇ ਹਨ
ਹਾਸੇ ਸਿਰਜਣੇ ਹਨ ਜਾਂ ਗ਼ਮ ਫੈਲਾਉਣੇ ਹਨ
ਆਪਣੇ ਮੱਥੇ 'ਚੋਂ ਸੂਰਜ ਚੜ੍ਹਾਉਣੇ ਹਨ
ਜਾਂ ਹਨੇਰੇ ਬੀਜਣੇ ਹਨ, ਆਪਣੇ ਆਪ 'ਚ ਗੁਆਚ ਜਾਣਾ ਹੈ
ਜਾਂ ਮਸਤਕ 'ਚੋਂ ਲੰਘ ਰਹੇ ਕਾਫ਼ਲੇ ਦੇ ਨਾਲ ਤੁਰਨਾ ਹੈ
ਰੁੱਖ ਵਾਂਗ ਜਨਮਣਾ ਤੇ ਮਰਨਾ ਹੈ, ਜਾਂ ਜੰਗਲ ਵਾਂਗ ਜਿਉਣਾ ਹੈ।

ਜ਼ਿੰਦਗੀ ਜਿਉਂਦੇ ਮਨੁੱਖ ਨੇ
ਜ਼ਿੰਦਗੀ ਨੂੰ ਨਰਕ ਜਾਂ ਸਵਰਗ ਬਣਾਉਣਾ ਹੈ
ਰਾਤਾਂ ਉਤਾਰਨੀਆਂ ਹਨ
ਜਾਂ ਜ਼ਿੰਦਗੀ ਦੇ ਮੱਥੇ ਚੰਨ ਸਜਾਉਣਾ ਹੈ
ਧਰਤੀ 'ਤੇ ਕਿਰਨਾਂ ਖਿਲਾਰਨੀਆਂ ਹਨ
ਮਨੁੱਖ ਨੇ ਮਨੁੱਖ 'ਚ
ਚਾਨਣ ਦੀਆਂ ਝੀਲਾਂ ਉਤਾਰਨੀਆਂ ਹਨ
ਮੰਜ਼ਿਲਾਂ ਸ਼ਿਗਾਰਨੀਆਂ ਹਨ
ਰਾਹਾਂ ਸੁਆਰਨੀਆਂ ਹਨ
ਮਨੁੱਖ ਨੇ
ਮਨੁੱਖ ਲਈ, ਮਨੁੱਖਤਾ ਲਈ ਜੀਣਾ ਹੈ
ਜ਼ਿੰਦਗੀ ਦੇ ਵਿਹੜੇ ਅੰਮ੍ਰਿਤ ਛਿੜਕਣਾ
ਤੇ ਜ਼ਿੰਦਗੀ ਦਾ ਜ਼ਹਿਰ ਪੀਣਾ ਹੈ।
-0-
ਕਿ ਜ਼ਿੰਦਗੀ ਅੰਮ੍ਰਿਤ ਧਾਰਾ ਹੋ ਕੇ ਵਗੇ
ਮਨੁੱਖ ਦੇ ਮੱਥੇ 'ਚ ਮਨੁੱਖ ਦੀ ਜੋਤ ਹੋ ਜਗੇ
ਜੋਤੋਂ ਜਗਦੀ ਜੋਤ ਨੂਰ ਹੋ ਜਾਏ
ਜ਼ਿੰਦਗੀ ਆਪਣੇ ਆਪ 'ਚ ਸਰੂਰ ਹੋ ਜਾਏ
ਹਨੇਰਾ ਜ਼ਿੰਦਗੀ ਦੇ ਪਲਾਂ 'ਚੋਂ ਦੂਰ ਹੋ ਜਾਏ
ਪਲਾਂ 'ਚੋਂ ਜਨਮੀਂ ਜ਼ਿੰਦਗੀ
ਰੱਬੀ ਨੂਰ ਹੋ ਜਾਏ।
-0-

## ਕਦਮ ਦਰ ਕਦਮ

ਮੇਰੇ ਬਿਨ ਤੂੰ ਅਧੂਰਾ ਹੈ, ਤੇਰੇ ਬਿਨ ਮੈਂ ਅਧੂਰਾ ਹਾਂ
ਵਿਚਾਲੇ ਜਲ ਵਹਿਣ ਹੈ
ਹਵਾ ਦਾ ਵਗਦਾ ਸਮੁੰਦਰ ਹੈ
ਅੱਗ ਦੀ ਸੀਤ ਨਦੀ ਹੈ
ਮਿੱਟੀ ਦੀ ਮਹਿਕ 'ਚ ਘੁਲਿਆ ਆਸਮਾ ਹੈ।
-0-
ਤੇਰੇ ਮੇਰੇ ਵਿਚਾਲੇ
ਆਪਣਾ ਆਪਣਾ ਸਵੈ ਕੇਂਦਰਿਤ ਹੈ
ਜਿਸ ਦੁਆਲੇ ਆਪਾਂ ਘੁੰਮ ਰਹੇ ਹਾਂ
ਮੈਂ ਤੈਨੂੰ
ਆਪਣੇ ਦੁਆਲੇ ਰੇਸ਼ਮ ਵਾਂਗ ਬੁਣਿਆ ਹੈ
ਤੂੰ ਮੇਰਾ ਅੱਗਾ ਹੈ
ਜੋ ਤੁਰਦਾ ਤੁਰਦਾ ਸਾਏ ਵਾਂਗ
ਮੇਰੀ ਦੇਹ ਤੋਂ ਬਹੁਤ ਲੰਮੇਰਾ ਹੋ ਗਿਆ ਹੈ
ਤੇ ਮੈਂ, ਆਪਣੇ ਹੀ ਅਕਾਰ 'ਚ
ਇੱਕ ਸਿਫਰਾ ਬਣ ਕੇ ਰਹਿ ਗਿਆ ਹਾਂ।
-0-
ਸਿਫ਼ਰੇ 'ਚੋਂ ਸੂਰਜ
ਜਾਂ ਤੇਰੇ ਅਕਾਰ ਤੇ ਇਕ ਜ਼ਖ਼ਮ ਜਾਪਾਂ
ਜਿਸ ਦੀ ਲੋਅ ਜਾਂ ਪੀੜ ਦੇ ਅਹਿਸਾਸ 'ਚ
ਤੇਰੇ ਸਾਏ 'ਚ ਗੁਆਚਾ
ਮੇਰਾ ਬੌਣਾ ਕੱਦ, ਤੈਨੂੰ ਸਦਾ ਯਾਦ ਰਹੇ।
-0-
ਕਦਮ ਦਰ ਕਦਮ, ਤੂੰ ਮੇਰੇ 'ਚ
ਮੈਂ ਤੇਰੇ 'ਚ ਫੈਲਦਾ ਹੀ ਗਿਆ
ਫੈਲਦਾ ਹੀ ਗਿਆ
ਤੇਰੇ ਮੇਰੇ ਮੂੰਹ 'ਤੇ
ਅਜਨਬੀ ਰੁੱਖਾਂ ਦਾ ਜੰਗਲ
ਉੱਗਦਾ ਹੀ ਗਿਆ, ਉੱਗਦਾ ਹੀ ਗਿਆ।
-0-

## ਮਨੁੱਖ ਤੇ ਜ਼ਿੰਦਗੀ

ਮਨੁੱਖ ਆਪਣੇ
ਰਿਸ਼ਤੇ ਜਨਮਦਾ ਹੈ, ਜਿਉਂਦਾ ਹੈ
ਨਿਭਾਉਂਦਾ ਹੈ
ਜੀਵਨ 'ਚ ਵਿਚਰਦਾ ਹੈ
ਜੀਵਨ ਆਪਣੇ ਦੁਆਲੇ ਸਿਰਜਦਾ ਹੈ
ਜੀਵਨ ਦੇ ਮਦਰੱਸੇ 'ਚੋਂ ਸਿੱਖਦਾ ਹੈ
ਭਾਸ਼ਾ ਬੋਲਦਾ ਹੈ ਭਾਸ਼ਾ ਸਿਰਜਦਾ ਹੈ।

–0–

ਆਪਣੇ ਮੋਹ ਦੀ ਤਾਣੀ 'ਚ ਫਸਿਆ ਮਨੁੱਖ
ਜਿਥੇ ਮਰਨੋਂ ਡਰਦਾ ਹੈ, ਉਥੇ ਅਸਲ ਵਿੱਚ
ਜਨਮ ਤੋਂ ਹੀ ਆਪਣੀ ਦੇਹ 'ਚ ਮੌਤ ਪਾਲਦਾ ਹੈ
ਆਪਣੀ ਹਰਿਆਵਲ 'ਚ
ਆਪਣੀ ਔੜ ਬੀਜਦਾ ਹੈ
ਜਿਸਮ ਦੇ ਸਮੁੰਦਰ 'ਚ ਹੀ
ਜਿਸਮ ਜਿੱਡਾ ਸ਼ਹਿਰਾ ਜਨਮਦਾ ਹੈ
ਜਿਸਮ ਦੀ ਰੌਣਕ ਜਿੱਡੀ
ਆਪਣੇ ਦੁਆਲੇ ਇਕੱਲਤਾ ਸਿਰਜਦਾ ਹੈ
ਜਿਸਮ ਦੀ ਖੁਸ਼ੀ ਜਿੱਡੀ
ਜਿਸਮ ਦੀਆਂ ਜੜ੍ਹਾਂ 'ਚ ਉਦਾਸੀ ਬੀਜਦਾ ਹੈ
ਮਨੁੱਖ ਜਿੰਨੀ ਜ਼ਿੰਦਗੀ ਜਿਉਂਦਾ ਹੈ
ਉਨੀ ਹੀ ਮੌਤ ਆਪਣੀ ਦੇਹ 'ਚ ਉਤਾਰਦਾ ਹੈ
ਜ਼ਿੰਦਗੀ ਜਿਉਣ ਦੇ ਭਰਮ 'ਚ
ਮਨੁੱਖ ਆਪਣੀ ਮੌਤ ਵਿਸਥਾਰਦਾ ਹੈ
ਜ਼ਿੰਦਗੀ ਦਾ ਭਰਮ
ਮੌਤ ਦਾ ਸੱਚ ਪਾਲ ਕੇ ਉਤਾਰਦਾ ਹੈ

–0–

ਜ਼ਿੰਦਗੀ ਦੇ ਰੰਗਾਂ 'ਚ ਰੰਗਿਆ ਮਨੁੱਖ
ਮੌਸਮਾਂ, ਬਹਾਰਾਂ ਦਾ ਡੰਗਿਆ ਮਨੁੱਖ
ਜ਼ਿੰਦਗੀ ਇੰਝ ਜਿਉਂਦਾ ਹੈ
ਕਿ ਜ਼ਿੰਦਗੀ ਹੋ ਗੁਜ਼ਰਦਾ ਹੈ

ਆਪਾ ਭੁੱਲ ਕੇ ਜ਼ਿੰਦਗੀ ਦੇ ਰੰਗੀਂ ਖੋ ਜਾਂਦਾ ਹੈ।
ਜ਼ਿੰਦਗੀ ਦੀ ਗਤੀ ਦੇ ਸਿੰਗੀ ਚੜ੍ਹਿਆ ਮਨੁੱਖ
ਜ਼ਿੰਦਗੀ 'ਚ ਇੰਨਾ ਘੁਲ ਜਾਂਦਾ ਹੈ
ਕਿ ਮਰਨਾਂ ਭੁੱਲ ਜਾਂਦਾ ਹੈ।
-0-
ਮੌਤ ਜਿਸਮ ਦੀ ਅਗਤੀ ਹੈ
ਜ਼ਿੰਦਗੀ ਜਿਸਮ ਦੀ ਗਤੀ ਹੈ
ਮਰਦਾ ਜਿਸਮ ਹੈ, ਜ਼ਿੰਦਗੀ ਨਿਰੰਤਰ ਹੈ
ਮੌਤ ਤੇ ਜ਼ਿੰਦਗੀ ਦਾ ਬੱਸ ਇਹੀ ਅੰਤਰ ਹੈ
ਜ਼ਿੰਦਗੀ ਮੌਤ ਤੋਂ ਪਹਿਲਾਂ ਵੀ ਹੈ, ਪਿੱਛੋਂ ਵੀ ਹੈ
ਮਨੁੱਖ ਦੇਹ ਦਾ ਅਸਲ ਸੱਚ
ਜੋ ਜ਼ਿੰਦਗੀ ਜਿਉਂਦਾ ਹੈ
ਉਹ ਮੌਤ ਹੈ, ਅਗਤੀ ਹੈ
ਜ਼ਿੰਦਗੀ ਦੀ ਗਤੀ ਦਾ ਮੂਲ ਹੈ
ਜ਼ਿੰਦਗੀ ਦੀ ਗਤੀ ਦੀ ਗਰਭ ਹੈ
ਜਿਸ 'ਚੋਂ ਜ਼ਿੰਦਗੀ ਪੁੰਗਰਦੀ ਹੈ
ਸਮੇਂ ਦੇ ਦਾਇਰਿਆਂ 'ਚ
ਪਲ ਪਲ ਜੁਆਨ ਹੁੰਦੀ ਹੈ
ਮਨੁੱਖ 'ਚ ਵਿਚਰਦੀ ਹੈ ਜ਼ਿੰਦਗੀ
ਜ਼ਿੰਦਗੀ 'ਚ ਵਿਚਰਦਾ ਹੈ ਮਨੁੱਖ
ਜ਼ਿੰਦਗੀ ਦੀ ਜਿਉਂਦੀ ਜਾਗਦੀ ਹੋਂਦ ਹੈ ਮਨੁੱਖ
ਮਨੁੱਖ ਦੀ ਹੋਂਦ 'ਚ ਵਸਦੀ ਮੌਤ
ਜ਼ਿੰਦਗੀ ਦਾ ਸੱਚ ਹੈ, ਜ਼ਿੰਦਗੀ ਦਾ ਉਹ ਪੜਾਅ ਹੈ
ਜਿੱਥੋਂ ਬਿਨ-ਦੇਹੀ-ਜ਼ਿੰਦਗੀ ਲਈ
ਨਿਕਲਣ ਦਾ ਇੱਕ ਰਾਹ ਹੈ
ਇਸ ਸੱਚ ਨੂੰ ਜ਼ਿੰਦਗੀ ਹੰਢਾਉਂਦੀ ਹੈ
ਮਨੁੱਖ ਦੀ ਦੇਹ ਅੰਦਰ ਢਾਲਦੀ ਹੈ
ਆਪਣਾ ਚਾਨਣ ਖਿਲਾਰਦੀ ਹੈ
ਕਿ ਇਸ ਚਾਨਣ 'ਚ
ਮਨੁੱਖ ਜ਼ਿੰਦਗੀ ਦੇ ਅਸਲ ਸੱਚ ਨੂੰ ਜਾਣੇ
ਜ਼ਿੰਦਗੀ ਦੀ ਦੇਹ 'ਚ ਵਸਦੀ ਮੌਤ ਪਹਿਚਾਣੇ।
-0-

ਇਸ ਪਹਿਚਾਣ ਦੇ ਭੈਅ 'ਚ
ਮਨੁੱਖ ਜ਼ਿੰਦਗੀ ਦੇ ਅੰਗ ਨਾ ਛਿੱਲੇ
ਜ਼ਿੰਦਗੀ ਦਾ ਪਿੰਡਾ ਨਾ ਝਰੀਟੇ
ਮੁੱਖ ਨਾ ਵਲੂੰਦਰੇ
ਜ਼ਿੰਦਗੀ 'ਚ ਫੁਲ ਬੀਜੇ, ਰੰਗ ਬੀਜੇ
ਜ਼ਿੰਦਗੀ ਜਿਉਣ ਦੇ ਸੰਗਲੇ ਢੰਗ ਬੀਜੇ
ਤਾਂ ਕਿ ਮਨੁੱਖ ਤੇ ਜ਼ਿੰਦਗੀ
ਦੋਵੇਂ ਖੁਸ਼ਹਾਲ ਰਹਿ ਸਕਣ
ਮਰਨ ਤੋਂ ਪਹਿਲਾਂ ਵੀ
ਮਰਨ ਤੋਂ ਪਿੱਛੋਂ ਵੀ।
-0-

# ਜਲ ਵਿੱਚ ਜਲ ਦਾ ਚਿਹਰਾ

ਮੇਰਾ ਸਾਇਆ ਹਰ ਪਲ ਹੀ ਹੈ
ਮੇਰੀ ਦੇਹ ਦੇ ਆਪੇ ਜਿੱਡਾ
ਬਚਪਨ ਦੇ ਵਿੱਚ ਬਚਪਨ
ਜੁਆਨੀ 'ਚ ਜੁਆਨੀ
ਬੁਢਾਪੇ 'ਚ ਬੁਢਾਪੇ ਜਿੱਡਾ।
-0-
ਦੇਹ ਤੇ ਸਾਇਆ
ਇੱਕ ਦੂਜੇ ਦੇ ਕਾਰਜ ਕਾਰਨ, ਕਰਮ ਫਲ ਹਨ
ਵਰਤਮਾਨ ਜਿਹਾ ਭੂਤ ਚੰਗੇਰਾ ਹੋ ਸਕਦਾ ਹੈ
ਕਰਮ ਫਲ ਜੋ ਹਾਸਲ ਵਾਂਗੂ
ਸਾਡੇ ਵਿੱਚ ਤੇ ਆਲੇ-ਦੁਆਲੇ
ਹਰ ਪਲ ਹਰ ਸਾਹ ਜਮਾਂ ਹੁੰਦਾ ਹੈ।
-0-
ਮਸਤਕ ਵਿਚਲੇ ਕਾਰਜ 'ਚ
ਜਦ ਕਾਰਨ ਜਗਦਾ ਹੈ
ਰਾਹ ਤੋਂ ਲੈ ਕੇ ਮੰਜ਼ਿਲ ਤੱਕ
ਸਭ ਰੌਸ਼ਨ ਹੋਇਆ
ਕਰਮ ਫਲ ਹੀ ਲਗਦਾ ਹੈ
ਦੇਹ 'ਚੋਂ ਕਿਸਮਤ
ਮੁੜ੍ਹਕੇ ਵਾਂਗੂ ਨੁੱਚੜਦੀ ਹੈ
ਅੱਖੀਆਂ ਵਿੱਚ ਦਰਿਆ
ਚਾਨਣ ਦਾ ਵਗਦਾ ਹੈ।
-0-
ਜਦ ਆਪਣੀ
ਬਾਂਹ ਹੀ ਬਾਂਹ ਵਿੱਚ ਪਾ ਕੇ
ਬਜ਼ਾਰਾਂ, ਸੜਕਾਂ, ਭੀੜਾਂ ਵਿੱਚੋਂ ਲੰਘੀਂਦਾ ਹੈ
ਆਪਣੀ ਨਜ਼ਰ 'ਚ
ਆਪਣੇ ਆਪ ਨੂੰ ਚੰਗਾ ਚੰਗਾ ਲੱਗੀਦਾ ਹੈ।
-0-

ਸੁਰਤੀ ਨੇ
ਜਦ ਦੇਹ ਸਾਏ ਦਾ ਭੇਦ ਮਿਟਾਇਆ
ਆਪਣਾ ਆਪਾ
ਆਪਣੇ ਵਿੱਚ ਹੀ ਤੈਰਦਾ ਪਾਇਆ।
-0-
ਸੁਰਤੀ ਮਾਨ-ਸਰੋਵਰ ਦੇ ਵਿੱਚ ਉਗਿਆ ਕੰਵਲ
ਕਾਲਰ ਤੇ ਲਾਂ
ਕਦੀ ਕਦਾਈ
ਮਹਿਫ਼ਲ ਦੇ ਵਿੱਚ ਆਉਣਾ ਚਾਹੀਦੈ
ਸ਼ੀਸ਼ੇ ਸੰਗ ਖਲੋਣਾ ਚਾਹੀਦੈ
ਸ਼ੀਸ਼ਾ ਹੋ
ਪੱਥਰ ਸੰਗ ਟਕਰਾਉਣਾ ਚਾਹੀਦੈ
ਇੰਝ ਕਈ ਵਾਰ
ਆਪਣਾ ਆਪ ਖਿਲਾਰ
ਖ਼ੁਦ ਚੁਗਣ 'ਚ ਬੜਾ ਮਜ਼ਾ ਹੈ
ਖ਼ੁਦ ਚੁਗਣ 'ਚ ਬੜਾ ਮਜ਼ਾ ਹੈ।
-0-

## ਦੀਵਾ

ਦੀਵਾ ਜੋ ਬਲਦਾ ਹੈ
ਹਨੇਰੇ ਲਈ ਨਹੀਂ ਬਲਦਾ
ਬਲਦਾ ਹੈ
ਕਿ ਚਾਨਣ ਨੂੰ ਉਸ ਦੀ ਲੋੜ ਰਹੇ
ਚਾਨਣ ਤੇ ਦੀਵੇ 'ਚ ਨਾ ਕੋਈ ਹੋਰ ਰਹੇ।
-0-
ਹਰ ਇਕ ਮਨੁੱਖ 'ਚ
ਆਪਣਾ ਆਪਣਾ ਦੀਵਾ ਬਲਦਾ ਹੈ
ਮਨੁੱਖ ਦੀ ਜ਼ਿੰਦਗੀ ਰੌਸ਼ਨ ਕਰਦਾ ਹੈ
ਮਨੁੱਖ ਸੰਗ ਮਨੁੱਖ ਦਾ ਹਨੇਰ ਤਰਦਾ ਹੈ
ਚਾਨਣ ਨੂੰ ਵਰਨ ਲਈ
ਮਨੁੱਖ ਦੇ ਮੱਥੇ ਦੀਵੇ ਦੀ ਥਾਂ
ਸੂਰਜ ਧਰਨ ਲਈ।
-0-
ਦੀਵਾ ਜੋ ਬਲਦਾ ਹੈ
ਹਨੇਰੇ ਲਈ ਬਲਦਾ ਨਹੀਂ
ਚਾਨਣ ਲਈ ਬਲਦਾ ਹੈ
ਫਲ ਨਹੀਂ ਚਾਹੁੰਦਾ
ਬਸ ਆਪਣਾ ਕਰਮ ਕਰਦਾ ਹੈ
ਚਾਨਣ 'ਚ ਆਪਣੀ ਲੋਅ ਢਾਲਣ ਲਈ
ਤਾਂ ਕਿ ਲੋਅ ਤੋਂ ਚਾਨਣ ਹੋ ਸਕੇ
ਅਕਾਸ਼ ਛੋਹ ਸਕੇ
ਧਰਤੀ 'ਤੇ ਖਲੋ ਸਕੇ
ਆਪਣੇ ਅਧੂਰੇਪਨ ਨੂੰ ਪੂਰਾ ਕਰ ਸਕੇ
ਆਪਣੀ ਲੋਅ ਦਾ ਸਾਗਰ ਚਾਨਣ ਤਰ ਸਕੇ।
-0-

ਦੀਵਾ ਜਦੋਂ ਰਾਤ ਦੇ ਹਨੇਰੇ 'ਚ ਜਗਦਾ ਹੈ
ਚਾਨਣ ਨੂੰ ਹਨੇਰਾ ਆਪਣਾ ਸਾਇਆ ਹੀ ਲਗਦਾ ਹੈ
ਚਾਨਣ ਫੈਲਦਾ ਹੈ, ਹਨੇਰਾ ਸੁੰਗੜਦਾ ਹੈ
ਬਿੰਦੂ ਹੋਇਆ ਹਨੇਰਾ ਚਾਨਣ ਬਣ ਪੁੰਗਰਦਾ ਹੈ
ਫੈਲ ਜਾਂਦਾ ਹੈ, ਨਜ਼ਰ ਦੇ ਆਰ ਪਾਰ
ਮਨੁੱਖ ਤੋਂ ਮਨੁੱਖਤਾ ਵਿਚਕਾਰ
ਰੁੱਖ ਤੋਂ ਜੰਗਲ ਵਿਚਕਾਰ
ਕੁੱਲ ਬ੍ਰਹਿਮੰਡ ਧਰਤ ਤੇ ਅੰਬਰ ਤੋਂ ਪਾਰ
ਲੋਅ ਦੀਵੇ ਦੀ ਜਦ ਚਾਨਣ ਦਾ ਸਾਗਰ ਤਰਦੀ ਹੈ
ਬ੍ਰਹਿਮੰਡ ਦੇ ਕਿਣਕੇ ਕਿਣਕੇ 'ਚ ਲੱਖਾਂ ਸੂਰਜ ਧਰਦੀ ਹੈ
ਦੀਵੇ ਦੀ ਲੋਅ 'ਚ, ਹੜ੍ਹ ਚਾਨਣ ਦਾ ਵਗਦਾ ਹੈ
ਚਾਨਣ ਦਾ ਦੀਵਾ ਦੀਵੇ ਦਾ ਚਾਨਣ ਲਗਦਾ ਹੈ
ਲੋਅ ਦੀਵੇ ਦੀ ਆਪਣੀ ਹਸਤੀ ਖੋਂਦੀ ਹੈ
ਚਾਨਣ ਦੇ ਵਿੱਚ ਰਲਦੀ ਹੈ, ਤੇ ਚਾਨਣ ਹੋ ਜਾਂਦੀ ਹੈ
ਚਾਨਣ ਹੋਣ ਦੇ ਲਈ ਦੀਵਾ ਜਗਦਾ ਹੈ
ਚਾਨਣ ਹੋ ਕੇ ਦੀਵਾ ਚਾਨਣ ਲਗਦਾ ਹੈ।
-0-
ਹਨੇਰਾ ਦੀਵੇ ਦੀ ਦੇਹ 'ਚ ਵਸਦਾ ਹੈ
ਦੀਵਾ ਜਦ ਆਪਣਾ ਆਪ ਜਗਾਉਂਦਾ ਹੈ
ਦੇਹ 'ਚ ਪਸਰੇ ਹਨੇਰੇ ਵਿੱਚੋਂ ਸੂਰਜ ਨਜ਼ਰੀਂ ਆਉਂਦਾ ਹੈ
ਦੀਵਾ ਆਪਣਾ ਸੂਰਜ, ਆਪਣੇ ਅੰਬਰੀਂ ਚਾੜ੍ਹਦਾ ਹੈ
ਕਿਰਨਾਂ ਕਿਰਨਾਂ ਹੋ ਕੇ ਦੀਵਾ ਧਰਤੀ ਉਤੋਂ
ਚਾਨਣ ਦਾ ਕਲਬੂਤ ਹਨੇਰ ਉਤਾਰਦਾ ਹੈ
ਜਿਸ 'ਚੋਂ ਚਾਨਣ ਤਾਰਿਆਂ ਵਾਂਗੂ ਜਗਦਾ ਹੈ
ਧਰਤੀ ਵਿਹੜੇ ਅੰਬਰ ਆਇਆ ਲਗਦਾ ਹੈ
ਚਾਨਣ ਵਿੱਚ ਨਹਾਤੀਆਂ ਪੌਣਾਂ ਵਗਦੀਆਂ ਹਨ
ਧਰਤੀ ਦੇ ਕਣ ਕਣ ਵਿੱਚ ਸੂਰਜ ਉਗਦੇ ਹਨ
ਧਰਤੀ ਦੇ ਵਿਹੜੇ ਵਿੱਚ ਚਾਨਣ ਪੁਗਦੇ ਹਨ
ਧਰਤੀ ਦਾ ਹਨੇਰ ਦੂਰ ਹੋ ਜਾਂਦਾ ਹੈ
ਲੋਅ ਸੰਗ ਚਾਨਣ ਤੁਰਦਾ
ਦੀਵਾ ਨੂਰ ਹੋ ਜਾਂਦਾ ਹੈ -0-

ਚਾਨਣ ਹੋਇਆ ਦੀਵਾ ਕਬਰੀਂ ਜਗਦਾ ਹੈ
ਕਬਰੀਂ-ਮਿੱਟੀ ਦਾ ਇੱਕ ਬੁੱਤ ਬਣਾਉਂਦਾ ਹੈ
ਉਸ ਬੁੱਤ ਨੂੰ ਜੀਵਨ ਕਥਾ ਸੁਣਾਉਂਦਾ ਹੈ
ਤੇ
ਉਸ ਬੁੱਤ 'ਚ ਆਪਣਾ ਚਾਨਣ ਘੋਲਦਾ ਹੈ
ਉਹ ਬੁੱਤ
ਦੀਵਾ ਦੀਵਾ ਬੋਲਦਾ ਹੈ
ਮੌਤ ਤੋਂ ਪਹਿਲਾਂ
ਮੌਤ ਤੋਂ ਪਿੱਛਲਾ
ਭੇਦ ਦੀਵੇ ਸੰਗ ਖੋਲਦਾ ਹੈ
-0-
ਮੈਂ ਜਦ ਜੀਵਨ ਸਾਂ
ਆਪਣਾ ਮੂਲ ਪਹਿਚਾਣ ਨਾ ਸਕਿਆ
ਆਪਣੀ ਦੇਹ 'ਚ ਵਸਦਾ ਚਾਨਣ ਜਾਣ ਨਾ ਸਕਿਆ
ਪਲ ਪਲ ਮੈਂ ਹਨੇਰੇ ਜਨਮੇ
ਪਲ ਪਲ ਮੈਂ ਉਦਾਸੀ
ਮੇਰੇ ਵਿੱਚ ਇਕੱਲਤਾ ਫੈਲੀ
ਮੈਂ ਸਾਂ ਜਿਸ ਦਾ ਵਾਸੀ
ਮੇਰੇ ਸੁਪਨੇ ਪੱਥਰ ਹੋਏ
ਜ਼ਿੰਦਗੀ ਬਾਸੀ ਬਾਸੀ
ਮੌਤ ਆਈ ਤਾਂ ਦੇਹ 'ਚੋਂ ਉੱਡਿਆ
ਮੇਰੀ ਦੇਹ ਦਾ ਵਾਸੀ
ਮੈਂ ਕਬਰਾਂ ਦੀ ਮਿੱਟੀ ਬਣਿਆ
ਉਹ ਬਣਿਆ ਪ੍ਰਵਾਸੀ
ਮੇਰੀ ਜ਼ਿੰਦਗੀ ਲੈ ਕੇ ਤੁਰ ਗਿਆ
ਜੋ ਮੇਰੇ ਵਿੱਚ ਸਾਹ ਸੀ।
-0-

ਮੈਂ ਉਸ ਰਾਹ 'ਤੇ ਕਦੀ ਨਾ ਤੁਰਿਆ
ਜੋ ਮੇਰੇ ਵਿੱਚ ਤੁਰਦਾ
ਮੈਂ ਤੋਂ ਤੂੰ ਦਾ ਰਾਹ ਸੀ
ਮੇਰੀ ਮੈਂ ਕਬਰ 'ਚ ਠਹਿਰੀ
ਉਹ ਅੱਗੇ ਨਿਕਲ ਗਿਆ
ਮੈਂ ਕਬਰਾਂ ਦੀ ਜੂੰਨ ਹੰਢਾਵਾਂ
ਉਹ ਅੰਬਰੀਂ ਵੱਸ ਰਿਹਾ
ਮੈਂ ਜੋ ਆਪਣਾ ਚਾਨਣ ਭਾਲਦਾ
ਜਗਦਾ ਤੇਰੇ ਵਾਂਗੂ
ਤੂੰ ਚਾਨਣ ਹੋਇਆ ਦੀਵਾ
ਜੋ ਮੇਰੀ ਮੌਤ ਦੇ ਮੱਥੇ
ਜਗਿਆ ਚਾਨਣ ਵਾਂਗੂ।

# ਇੱਕ ਉਂਗਲ ਦੀ ਉਮਰ

ਮੈਂ ਬੰਦ ਅੱਖੀਂ
ਬੂੰਦ 'ਚੋਂ ਲਹੂ ਮਾਸ ਦੇ ਸਫਰ ਦੀ
ਗਰਭ ਪਰਕਿਰਤੀ ਤੱਕੀ।
-0-
ਅਵਚੇਤਨ 'ਚ ਗਇਆ ਬੀਜਿਆ
ਮੇਰਾ ਆਪਾ ਆਪਣੇ ਅੰਦਰ
ਜਿਉਂ ਅੰਬਰ 'ਚ ਉਡਦੀ ਤੁੱਕਲ ਦਾ
ਧਰਤੀ ਤੇ ਸਾਇਆ
ਉਦੋਂ ਇੱਕ ਉਂਗਲ ਦੀ ਉਮਰਾਂ
ਮਨ ਤੇ ਸੋਚ ਯੁੱਗਾਂ ਦੇ
ਅੰਤੜੀਆਂ ਦੇ ਜੰਗਲ ਵਿੱਚ
ਚੇਤਨਤਾ ਚਿੱਥਦੀ
ਕੰਨਾਂ, ਅੱਖਾਂ ਤੇ ਬੁੱਲਾਂ 'ਚ
ਅਰਥ ਵਿਹੁਣੇ ਸ਼ਬਦਾਂ ਦੀ ਵਿਥਿਆ
ਸੱਚ ਦਾ ਸੱਚ
ਕੱਚ ਦੀ ਮਿਥਿਆ।
-0-
ਗਰਭ ਜੂਨ ਦੀ ਚੀਕ 'ਚੋਂ ਉੱਗਾ
ਹਵਾ ਦੇ ਸ਼ਹਿਰ 'ਚ
ਨਾੜੀਆਂ ਦਾ ਸੂਖਮ ਜੰਗਲ
ਕੱਚ, ਕੰਕਰਾਂ, ਲੋਹੇ ਦੀਆਂ ਸਲਾਖਾਂ ਬਣ ਕੇ
ਮੇਰੇ ਆਸੇ ਪਾਸੇ।
-0-
ਕਦ ਲੰਮੇਰਾ
ਦੇਹ ਇੱਕ ਯੁੱਗ ਸਿਆਣੀ ਹੋਈ
ਅਵਚੇਤਨ ਵਿੱਚ ਬੀਜਿਆਂ ਬੀਜ
ਤਾਸੀਰ ਬਦਲਕੇ ਉੱਗੇ ਰੁੱਖਾਂ ਵਿੱਚ ਗੁਆਚਾ।
-0-

ਮੈਂ ਉਪਰਾਮ
ਉਦਾਸ ਦਿਨਾਂ ਦਾ ਹੌਂਕਾ
ਵਿਗਿਆਨ ਕਲਾ ਤੇ ਦਰਸ਼ਨ 'ਚੋਂ
ਸੱਚ ਦਾ ਸੱਚ
ਕੱਚ ਦੀ ਮਿਥਿਆ ਭਾਲਾਂ
ਹਾਂ? ਕਿਸ ਅਗਨ ਦਾ ਧੂੰਆਂ
ਹਾਂ? ਕਿਸ ਮੌਸਮ ਦੀ ਰੁੱਤ
ਹਾਂ? ਕਿਸ ਰੂਹ ਦਾ ਬੁੱਤ।
-0-
ਹੁਣ ਦੇਹੀ ਦੀ ਉਮਰਾ ਚਿੰਤਨ
ਚਿੰਤਨ ਸਦਕਾ ਦੇਹ ਇੱਕ ਰੂਪ
ਸਵੈ-ਸੰਕਲਪ ਸਰੂਪ
ਚਿੰਤਨ
ਬ੍ਰਹਿਮੰਡ ਸੱਚ ਦੀ ਗੋਂਦ
ਆਪੇ ਆਪਣੀ ਭਾਲ
ਆਪੇ ਆਪਣੀ ਹੋਂਦ।
-0-

## ਸਫਰ

ਉਹ ਇੱਕ ਵਾਕਿਆ ਸੀ
ਦੇਹ ਤੋਂ ਦੂਰ ਤੱਕ ਫੈਲ ਜਾਣ ਦਾ
ਆਪਣੇ ਤੋਂ ਆਪਣੀ ਪਹਿਚਾਣ ਦਾ।
-0-
ਤੇਰੇ ਨਾਲ ਤੁਰਦਿਆਂ ਤੁਰਦਿਆਂ
ਆਪਣੇ ਨਾਲ ਤੁਰਨ ਦਾ ਅਹਿਸਾਸ ਹੋਇਆ
ਤੇਰੀ ਅੱਖ 'ਚ ਤਕਦਿਆਂ ਤਕਦਿਆਂ
ਆਪਣੇ ਚਿਹਰੇ ਦੀ ਪਹਿਚਾਣ ਹੋਈ
ਤੇਰੀ ਦੇਹ ਦੀ ਖੁਸ਼ਬੂ ਤੋਂ
ਆਪਣੀ ਦੇਹ ਦੀ ਸ਼ਨਾਖਤ ਜਨਮੀਂ
ਪਤਾ ਨਹੀਂ
ਤੂੰ ਮੇਰੀ ਦੇਹ ਦਾ ਸਾਇਆ ਸੈਂ
ਜਾਂ ਮੈਂ ਤੇਰੀ ਦੇਹ ਦਾ ਸਾਇਆ ਸਾਂ
ਤੂੰ ਮੇਰੇ ਸੱਚ ਤੋਂ ਪਰਤਿਆ ਸੈਂ
ਜਾਂ ਮੈਂ ਤੇਰੇ ਸੱਚ ਕੋਲ ਆਇਆ ਸਾਂ
-0-
ਤੂੰ ਆਪਣਾ ਆਪਾ ਜਿਉਂਦਾ ਸੈਂ
ਮੈਂ ਆਪਣਾ ਆਪ ਜਿਉਂਦਾ ਸਾਂ
ਇੱਕ ਜਿਸਮ ਸਾਂ
ਕਿਉਂ ਸਾਹ ਵੱਖਰੇ ਹੋ ਗਏ
ਪੈਰਾਂ ਲਈ ਕਿਉਂ
ਰਾਹ ਵੱਖਰੇ ਹੋ ਗਏ
ਧੂੜਾਂ 'ਚ ਗੁਆਚੇ ਆਪਾ ਭਾਲ ਲੈਂਦੇ ਸਾਂ
ਅੱਜ ਚਿੱਟੇ ਦਿਨ ਦੀ ਆਗੋਸ਼ ਵਿੱਚ ਹੀ ਖੋ ਗਏ
ਸਾਇਆਂ ਲਈ
ਕਿਉਂ ਜਿਸਮ ਜੁਦਾ ਹੋ ਗਏ
-0-
ਤੂੰ ਆਪਣੇ ਦੁਆਲੇ
ਜੋ ਆਪਣੇ ਆਪ ਨੂੰ ਬੁਣਿਆ ਹੈ
ਆਪਣੀ ਹਾਂ ਤੋਂ ਹਾਂ ਤੱਕ ਨੂੰ ਸੁਣਿਆ ਹੈ

ਆਪਣੇ ਆਪ ਨੂੰ
ਚਿਣ ਲਿਆ ਆਪੇ ਵਿਚਕਾਰ
ਵਿਸਥਾਰਿਆ ਆਪਣਾ ਆਪ਼ਾ
ਆਪੇ 'ਚ ਆਪੇ ਤੋਂ ਪਾਰ
ਆਪਣੇ ਕੰਨ ਆਪਣੇ ਹੀ
ਬੋਲ ਸੁਣਨ ਦੇ ਆਦੀ ਕਰ ਲਏ
ਨਜ਼ਰ ਦੇ ਦਿਸਹੱਦਿਆਂ 'ਤੇ
ਆਪਣੇ ਹੀ ਚਿਹਰੇ ਧਰ ਲਏ
ਚਾਨਣ ਤੋਂ ਅੱਖਾਂ ਫੇਰ ਕੇ
ਦੁਆਲੇ ਹਨੇਰੇ ਕਰ ਲਏ
ਮਨੁੱਖ ਬਣਨ ਤੋਂ ਪਹਿਲਾਂ
ਰੱਬ ਬਣ ਕੇ ਬਹਿ ਗਿਉਂ
ਜ਼ਿੰਦਗੀ ਦੀ ਤਲੀ 'ਤੇ ਕਬਰ ਬਣ ਕੇ ਰਹਿ ਗਿਉਂ।
–0–
ਤੂੰ ਮੇਰੇ ਲਈ ਵਗਦਾ ਦਰਿਆ ਨਹੀਂ
ਛੱਪੜ ਦਾ ਗੰਧਲਾ ਜਲ ਬ਼ਣ ਕੇ ਰਹਿ ਗਿਉਂ
ਆਪਣੇ ਸਫਰ ਦਾ ਅੱਜ ਨਹੀਂ
ਕੱਲ੍ਹ ਬਣ ਕੇ ਰਹਿ ਗਿਉਂ
ਮੇਰੇ 'ਚੋਂ ਮਨਫੀ ਹੋ ਗਿਉਂ
ਆਪਣੇ 'ਚੋਂ ਮਨਫੀ ਕਰ ਗਿਉਂ
ਮੇਰਾ ਸੂਰਜ ਹੋ ਕੇ
ਮੇਰੇ ਮੱਥੇ 'ਚ ਹਨੇਰੇ ਧਰ ਗਿਉਂ
ਮੇਰੀ ਹਰਿਆਵਲ ਫੂਕ ਕੇ
ਕਿਸੇ ਥਲ ਉੱਤੇ ਵਰ ਗਿਉਂ
ਦੇਹ 'ਚ ਹਨੇਰਾ ਕਰ ਗਿਉਂ
ਕਬਰਾਂ 'ਤੇ ਦੀਵੇ ਧਰ ਗਿਉਂ।
–0–
ਤੂੰ ਆਪਣੇ ਦੁਆਲੇ
ਆਪਣੇ ਆਪ ਨੂੰ ਬੁਣਿਆ ਸੀ
ਮੈਂ ਆਪਣੇ ਦੁਆਲੇ, ਤੂੰ ਨੂੰ ਬੁਣਿਆ ਹੈ
ਆਪਣੇ ਥਲ 'ਚ ਜੰਗਲ ਉਤਾਰੇ ਹਨ

ਆਪਣੀ ਤ੍ਰਿਸ਼ਨਾ ਲਈ ਸਾਗਰ ਹੰਘਾਲੇ ਹਨ
ਮਨ ਦੇ ਹਨੇਰੀ ਜੰਗਲੀ
ਕਈ ਸੂਰਜ ਚਾੜ੍ਹੇ ਹਨ
ਆਪਣੇ ਧੜ 'ਤੇ ਤੇਰਾ ਸਿਰ ਉਸਾਰਿਆ ਹੈ
ਆਪਣੀ ਦੇਹ 'ਚ ਤੈਨੂੰ ਉਤਾਰਿਆ ਹੈ
ਦੇਹ ਦੇ ਆਰ ਪਾਰ ਤੈਨੂੰ ਵਿਸਥਾਰਿਆ ਹੈ
ਤੇਰਾ ਪਹਿਨ ਕੇ ਆਪਾ ਉਤਾਰਿਆ ਹੈ
ਆਪਣੇ ਬਿੰਦੂ ਤੋਂ ਦਾਇਰੇ ਤੱਕ ਆਇਆ ਹਾਂ
ਮੈਂ ਤੇਰੀ ਦੇਹ ਤੋਂ ਲੰਮੇਰਾ ਹੋ ਰਿਹੈ
ਤੇਰਾ ਹੀ ਸਾਇਆ ਹਾਂ।
–0–
ਜਦੋਂ ਤੂੰ ਆਪਣੇ ਆਪ 'ਚ ਪਰਤੇਂਗਾ
ਮੈਨੂੰ ਆਪਣੀ ਨਜ਼ਰ 'ਚ ਰਾਹਾਂ ਵਾਂਗ ਪਾਵੇਂਗਾ
ਆਪਣੇ ਜਿਸਮ 'ਚ ਸਾਹਾਂ ਵਾਂਗ ਹੰਢਾਵੇਂਗਾ
ਆਪਣੀ ਉਮਰ ਜੀਵੇਂਗਾ
ਮੇਰੀ ਜੂੰ ਹੰਢਾਵੇਂਗਾ
ਆਪਣੇ ਆਪ 'ਚ ਮੈਨੂੰ ਸਾਗਰ ਵਾਂਗ ਜੀਵੇਂਗਾ
ਮੈਂ ਤੇਰੇ ਸਿਰ 'ਤੇ ਅਕਾਸ਼ ਦਾ
ਸਾਇਆ ਬਣ ਵਿਚਰਾਂਗਾ
ਮੈਂ ਤੇਰੇ ਦਿਲ 'ਚ ਧੜਕਾਂਗਾ
ਮੈਂ ਤੇਰੇ ਲਹੂ 'ਚ ਦੌੜਾਂਗਾ।
–0–
ਸਫ਼ਰ 'ਚ ਛੱਡ ਗਏ ਸੱਚ ਨੂੰ
ਤੂੰ ਆਪਣੀ ਦੇਹ ਦੁਆਲੇ ਬੁਣੇਂਗਾ
ਫਿਰ ਤੂੰ ਨਾ, ਮੇਰੇ ਸੱਚ ਕੋਲੋਂ ਪਰਤੇਂਗਾ
ਨਾ ਮੈਂ ਤੇਰੇ ਸੱਚ ਕੋਲ ਆਵਾਂਗਾ
ਨਾ ਤੂੰ ਮੇਰੇ ਤੋਂ ਦੂਰ ਹੋਵੇਂਗਾ
ਨਾ ਮੈਂ ਤੇਰੇ ਤੋਂ ਦੂਰ ਜਾਵਾਂਗਾ
ਨਾ ਤੂੰ ਮੇਰੀ ਦੇਹ ਦਾ ਸਾਇਆ ਰਹੇਗਾ
ਨਾ ਮੈਂ ਤੇਰੀ ਦੇਹ ਦਾ ਸਾਇਆ ਰਹਾਂਗਾ
ਮੈਂ ਤੇਰੇ 'ਚ, ਤੂੰ ਮੇਰੇ 'ਚ ਸਮਾਇਆ ਰਹੇਂਗਾ।
–0–



ਪੁਸਤਕਾਂ

- ਤੀਸਰੀ ਅੱਖ (ਕਾਵਿ ਸੰਗ੍ਰਹਿ)
- ਮਿੱਟੀ 'ਚ ਉੱਕਰੇ ਅੱਖਰ (ਕਾਵਿ ਸੰਗ੍ਰਹਿ)
- ਸ਼ੂਨਯ-ਬੋਧ (ਕਾਵਿ ਸੰਗ੍ਰਹਿ)
- ਆਪੇ-ਬੋਲ-ਸ੍ਰੋਤ (ਲੰਬੀ ਕਵਿਤਾ)
- ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ)
- ਗਗਨ ਮੇਂ ਥਾਲੁ (ਕਾਵਿ ਸੰਗ੍ਰਹਿ)
- ਸ਼ੀਸ਼ੇ ਵਿਚਲਾ ਸੂਰਜਾ (ਕਾਵਿ ਸੰਗ੍ਰਹਿ)

ਛਪਣ ਹਿੱਤ ਤਿਆਰ

- ਤੁਪਕਾ ਤੁਪਕਾ ਸੂਰਜ (ਕਾਵਿ ਸੰਗ੍ਰਹਿ)
- ਮੁੜ੍ਹਕੋ ਮੁੜ੍ਹਕੀ ਪੌਣ (ਕਾਵਿ ਸੰਗ੍ਰਹਿ)
- ਕਿਵ ਸੱਚਿਆਰਾ ਹੋਈਏ (ਨਾਟਕ)

ਉਹ ਰੁੱਖ
ਆਪਨੀ ਕਵਿਤਾ ਵਿਚ ਬਣਾਉਂਦਾ ਹਾਂ
ਜਿਸ ਰੁੱਖ ਦਾ ਮੈਂ
ਪਹਿਲਾ ਪੱਤ ਕਹਾਉਂਦਾ ਹਾਂ
ਜਿਸ ਨੂੰ ਪੌਣ ਖਿਡਾਉਂਦੀ ਹੈ
ਰੁੱਖ ਵਿਚਲਾ ਰੁਖ ਸਮਝਾਉਂਦੀ ਹੈ
ਰੁੱਖਾਂ ਨੂੰ ਰੁੱਖ ਦੀ ਮਿੱਠੀ ਲੋਰ ਸੁਣਾਉਂਦੀ ਹੈ।

-ਆਪੇ ਬੋਲ ਸ੍ਰੋਤ

ਕੁਕਨਸ ਪ੍ਰਕਾਸ਼ਨ, ਜਲੰਧਰ